ਜਿਲਦ: 7, ਅੰਕ: 06

16 -30 ਸਤੰਬਰ, 2026 (ਮੁਫ਼ਤ)

# ਨਿਊ ਇੰਡੀਆ ਸਮਾਚਾਰ

ਯੂਪੀਆਈ ਦੇ 10 ਵਰ੍ਹੇ




## ਨਵਾਂ ਭਾਰਤ ਦੁਨੀਆ ਦਾ 'ਪੇਮੈਂਟ ਗੇਟਵੇ'

ਇੱਕ ਦਹਾਕੇ ਵਿੱਚ ਯੂਪੀਆਈ ਨੇ ਨਾ ਸਿਰਫ਼ ਭਾਰਤ ਵਿੱਚ ਭੁਗਤਾਨ ਦਾ ਤਰੀਕਾ ਬਦਲਿਆ, ਸਗੋਂ ਦੁਨੀਆ ਨੂੰ ਡਿਜੀਟਲ ਪੇਮੈਂਟ ਦੀ ਨਵੀਂ ਰਾਹ ਦਿਖਾਈ, ਰੋਜ਼ਾਨਾ ਦੀ ਜ਼ਿੰਦਗੀ ਤੋਂ ਵਿਸ਼ਵਵਿਆਪੀ ਬਜ਼ਾਰ ਤੱਕ, ਇਹ ਤਕਨੀਕ ਬਣੀ ਆਰਥਿਕ ਆਤਮ-ਵਿਸ਼ਵਾਸ ਦੀ ਨਵੀਂ ਪਛਾਣ...



ਸਾਨੂੰ ਫਾਲੋ ਕਰੋ @NISPIBIndia

# ਵਿਕਸਿਤ ਭਾਰਤ ਲਈ ਨਸ਼ਾ ਮੁਕਤ ਨੌਜਵਾਨ



*ਹਰ ਮਹੀਨੇ ਦੇ ਆਖਰੀ ਐਤਵਾਰ ਨੂੰ ਰੇਡੀਓ 'ਤੇ ਪ੍ਰਸਾਰਿਤ 'ਮਨ ਕੀ ਬਾਤ' ਪ੍ਰੋਗਰਾਮ ਇੱਕ ਅਜਿਹਾ ਮੰਚ ਹੈ ਜਿੱਥੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨਵੇਂ ਯਤਨਾਂ ਨੂੰ ਸਾਹਮਣੇ ਲਿਆਉਂਦੇ ਹਨ। ਦੇਸ਼ਵਾਸੀਆਂ ਦੇ ਨਵੀਨਤਾ ਨਾਲ ਭਰੇ ਵਿਚਾਰਾਂ 'ਤੇ ਚਰਚਾ ਕਰਦੇ ਹਨ। ਇਨ੍ਹਾਂ ਵਿੱਚ ਕਿੰਨੇ ਹੀ ਵਿਚਾਰ ਅਜਿਹੇ ਹੁੰਦੇ ਹਨ, ਜਿਨ੍ਹਾਂ ਦੇ ਪਿੱਛੇ ਲੋਕਾਂ ਦੇ ਜੀਵਨ ਦੀ ਅਣਥੱਕ ਊਰਜਾ ਲਗਾਈ ਹੁੰਦੀ ਹੈ। ਕਈ ਵਾਰ ਇੱਥੋਂ ਕੀਤੀ ਗਈ ਤਾਕੀਦ ਜਨ-ਅੰਦੋਲਨ ਬਣ ਜਾਂਦੀ ਹੈ। ਪ੍ਰੋਗਰਾਮ ਦੀ 137ਵੀਂ ਕੜੀ ਵਿੱਚ ਉਨ੍ਹਾਂ ਨੇ ਨਸ਼ਾ ਮੁਕਤ ਭਾਰਤ ਦੇ ਮਿਸ਼ਨ ਨਾਲ ਜੁੜਨ ਦਾ ਸੱਦਾ ਦਿੱਤਾ ਤਾਂ ਕਈ ਹੋਰ ਪਹਿਲੂਆਂ 'ਤੇ ਵੀ ਚਰਚਾ ਕੀਤੀ। ਪੇਸ਼ ਹਨ ਸੰਪਾਦਿਤ ਅੰਸ਼...*

- **ਅਨੋਖੇ ਵਿਚਾਰ:** www.bharatiya.com ਵੈੱਬਸਾਈਟ ਰਾਹੀਂ ਤੁਸੀਂ ਅਸਾਨੀ ਨਾਲ ਜਾਣ ਸਕਦੇ ਹੋ ਕਿ ਕਿਸ ਸਮੇਂ, ਭਾਰਤ ਦੇ ਹਰ ਹਿੱਸੇ 'ਤੇ ਕਿਸ ਦਾ ਸ਼ਾਸਨ ਸੀ। ਇਹ ਯਤਨ ਸਿਰਫ਼ ਇਤਿਹਾਸ ਦੇ ਵਿਦਿਆਰਥੀਆਂ ਨੂੰ ਨਹੀਂ, ਇਹ ਸਭ ਨੂੰ ਆਪਣੇ ਅਤੀਤ ਨੂੰ ਰੋਚਕ ਤਰੀਕੇ ਨਾਲ ਜਾਣਨ ਵਿੱਚ ਮਦਦ ਕਰੇਗਾ।
- **ਨਸ਼ਾ ਮੁਕਤ ਭਾਰਤ:** 'ਵਿਕਸਿਤ ਭਾਰਤ ਲਈ ਨਸ਼ਾ ਮੁਕਤ ਨੌਜਵਾਨ' ਅਭਿਆਨ ਇਸ ਸਮੇਂ ਪੂਰੇ ਦੇਸ਼ ਵਿੱਚ ਤੇਜ਼ੀ ਨਾਲ ਅੱਗੇ ਵਧ ਰਿਹਾ ਹੈ। ਇਸ ਦਾ ਟੀਚਾ ਬਿਲਕੁਲ ਸਾਫ਼ ਹੈ- ਨਸ਼ਾ ਮੁਕਤ ਨੌਜਵਾਨ, Drug Free India. ਬਹੁਤ ਸਾਰੇ ਲੋਕ, ਖਾਸ ਤੌਰ 'ਤੇ ਸਾਡੇ ਨੌਜਵਾਨ ਬਹੁਤ ਵੱਡੀ ਗਿਣਤੀ ਵਿੱਚ ਇਸ ਦਾ ਹਿੱਸਾ ਬਣ ਰਹੇ ਹਨ।
- **ਜਾਗਰੂਕਤਾ ਜ਼ਰੂਰੀ, ਭੂਮਿਕਾ ਨਿਭਾਓ:** ਨਸ਼ੇ ਦੀ ਆਦਤ ਸਿਰਫ਼ ਇੱਕ ਵਿਅਕਤੀ ਨੂੰ ਆਪਣੇ ਲਪੇਟੇ ਵਿੱਚ ਨਹੀਂ ਲੈਂਦੀ, ਇਸ ਦੇ ਮਾੜੇ ਨਤੀਜੇ ਪੂਰੇ ਪਰਿਵਾਰ ਅਤੇ ਸਮਾਜ ਨੂੰ ਵੀ ਝੱਲਣੇ ਪੈਂਦੇ ਹਨ। ਭਾਰਤ ਦੇ ਨੌਜਵਾਨ ਨੂੰ ਨਸ਼ੇ ਤੋਂ ਦੂਰ ਰੱਖਣ, ਨਸ਼ੇ ਤੋਂ ਮੁਕਤ ਰੱਖਣ – ਇਸ ਪਵਿੱਤਰ ਕਾਰਜ ਵਿੱਚ ਸਾਰੇ ਆਪਣੀ ਭੂਮਿਕਾ ਨਿਭਾਉਣ। ਤੁਸੀਂ ਆਪਣੇ ਯਤਨ ਨੂੰ #ਨਸ਼ਾ ਮੁਕਤ ਨੌਜਵਾਨ ਦੇ ਨਾਲ ਸੋਸ਼ਲ ਮੀਡੀਆ'ਤੇ ਵੀ ਜ਼ਰੂਰ ਸਾਂਝਾ ਕਰੋ।
- **ਸਵਨਿਧੀ ਯੋਜਨਾ:** 'PM ਸਵਨਿਧੀ ਯੋਜਨਾ' ਦੀਆਂ ਲਾਭਪਾਤਰੀਆਂ ਵਿੱਚ ਲਗਭਗ 46% ਮਹਿਲਾਵਾਂ ਹਨ। ਦੇਸ਼ ਭਰ ਵਿੱਚ ਲਗਭਗ 35 ਲੱਖ ਮਹਿਲਾਵਾਂ ਇਸ ਯੋਜਨਾ ਨਾਲ ਜੁੜ ਕੇ ਆਪਣੇ ਕਾਰੋਬਾਰ ਨੂੰ ਅੱਗੇ ਵਧਾ ਰਹੀਆਂ ਹਨ।
- **ਸਵੱਛਤਾ ਅਤੇ ਜਨਤਕ ਭਾਗੀਦਾਰੀ:** ਇਸ ਵਾਰ ਸ਼੍ਰੀ ਅਮਰਨਾਥ ਜੀ ਦੀ ਯਾਤਰਾ ਵਿੱਚ ਸਵੱਛਤਾ ਅਤੇ ਜਨਤਕ ਭਾਗੀਦਾਰੀ ਦੀ ਪ੍ਰੇਰਕ ਤਸਵੀਰ ਦੇਖਣ ਨੂੰ ਮਿਲੀ। ਔਖੇ ਰਸਤਿਆਂ 'ਤੇ, ਹਜ਼ਾਰਾਂ ਸਵੱਛਤਾ ਕਰਮਚਾਰੀ ਦਿਨ-ਰਾਤ ਸੇਵਾ ਵਿੱਚ ਜੁਟੇ ਰਹੇ। ਇਸ ਵਰ੍ਹੇ ਯਾਤਰਾ ਦੌਰਾਨ, 400 ਮੀਟ੍ਰਿਕ ਟਨ ਤੋਂ ਜ਼ਿਆਦਾ ਕਚਰੇ ਨੂੰ ਇਕੱਠਾ ਅਤੇ ਪ੍ਰੋਸੈੱਸ ਕੀਤਾ ਗਿਆ।
- **Mission ShaktiSAT:** ਅੱਜ ਸਾਡੀਆਂ ਬੇਟੀਆਂ ਦੇ ਸੁਪਨਿਆਂ ਦੀ ਉਡਾਨ, ਧਰਤੀ ਤੋਂ ਨਿਕਲ ਕੇ ਪੁਲਾੜ ਤੱਕ ਪਹੁੰਚ ਰਹੀ ਹੈ। Mission ShaktiSAT ਰਾਹੀਂ 108 ਦੇਸ਼ਾਂ ਦੀਆਂ 12 ਹਜ਼ਾਰ ਵਿਦਿਆਰਥਣਾਂ ਨੂੰ ਸੈਟੇਲਾਈਟ ਤਕਨਾਲੋਜੀ ਸਿੱਖਣ ਅਤੇ ਨਵੀਨਤਾ ਦੇ ਖੇਤਰ ਵਿੱਚ ਅੱਗੇ ਵਧਣ ਦਾ ਮੌਕਾ ਮਿਲ ਰਿਹਾ ਹੈ।
- **ਐਵਾਕਾਡੋ ਫਲ:** ਅੱਜ ਕੱਲ੍ਹ ਐਵਾਕਾਡੋ ਫਲ ਦੀ ਬਹੁਤ ਧੂਮ ਹੈ। ਇਸ ਨੂੰ ਪਹਿਲਾਂ ਸ਼ਾਇਦ ਹੀ ਕੋਈ ਜਾਣਦਾ ਸੀ। ਇਸ ਦੀ ਵੈਲਿਊ ਅਤੇ ਮੰਗ ਦੋਵੇਂ ਘੱਟ ਸਨ ਪਰ ਅੱਜ ਇਹ ਸਿਹਤ ਅਤੇ ਪ੍ਰੀਮੀਅਮ ਬਜ਼ਾਰ ਦੀ ਪਸੰਦ ਹੈ। ਸਾਡੇ ਕਿਸਾਨ ਭਰਾ-ਭੈਣਾਂ ਦੇ ਲਈ ਵੀ ਇਹ ਬਹੁਤ ਮਦਦਗਾਰ ਹੈ।
- **ਮਹਾਨਾਇਕ ਉੱਤਮ ਕੁਮਾਰ:** 3 ਸਤੰਬਰ ਨੂੰ ਮਹਾਨਾਇਕ ਉੱਤਮ ਕੁਮਾਰ ਦੀ ਜਨਮ-ਸ਼ਤਾਬਦੀ ਹੈ ਜੋ ਇੱਕ ਬਹੁਮੁਖੀ ਕਲਾਕਾਰ ਸਨ। ਉਹ ਕਲਾਕਾਰੀ ਨਾਲ ਲੋਕਾਂ ਦੇ ਦਿਲਾਂ ਵਿੱਚ ਰਚ-ਵਸ ਗਏ। ਹਮੇਸ਼ਾ ਸਭ ਦੇ ਦਿਲਾਂ 'ਤੇ ਰਾਜ ਕਰਦੇ ਰਹਿਣਗੇ। ਉਹ ਆਪਣੀ ਸਹਿਜਤਾ ਦੇ ਨਾਲ-ਨਾਲ ਆਪਣੇ ਦਾਨਸ਼ੀਲ ਸੁਭਾਅ ਲਈ ਵੀ ਜਾਣੇ ਜਾਂਦੇ ਸਨ। ਉਨ੍ਹਾਂ ਦੇ ਜੀਵਨ ਤੋਂ ਕਦੇ ਵੀ ਹਾਰ ਨਾ ਮੰਨਣ ਦੀ ਇੱਕ ਹੋਰ ਵੱਡੀ ਸਿੱਖਿਆ ਮਿਲਦੀ ਹੈ।
- **ਵੋਕਲ ਫੋਰ ਲੋਕਲ:** ਤਿਉਹਾਰਾਂ ਦੇ ਇਸ ਮੌਸਮ ਵਿੱਚ ਇੱਕ ਵਾਰ ਫਿਰ, ਤੁਹਾਨੂੰ ਵੋਕਲ ਫੋਰ ਲੋਕਲ ਦੀ ਤਾਕੀਦ ਕਰਦਾ ਹਾਂ। ਵੋਕਲ ਫੋਰ ਲੋਕਲ ਦਾ ਮਤਲਬ ਸਿਰਫ਼ ਮਿੱਟੀ ਦੇ ਦੀਵੇ ਖਰੀਦਣਾ ਨਹੀਂ ਹੈ, ਇਸ ਦਾ ਵਿਜ਼ਨ ਬਹੁਤ ਵੱਡਾ ਹੈ।
- **ਆਤਮਨਿਰਭਰ ਭਾਰਤ:** ਅਸੀਂ ਆਪਣੇ ਘਰ ਦੇ ਲਈ ਜੋ ਵੀ ਸਮਾਨ ਖਰੀਦਦੇ ਹਾਂ, ਉਸ ਵਿੱਚ ਇਹ ਜ਼ਰੂਰ ਦੇਖ ਲਈਏ ਕਿ ਉਹ ਭਾਰਤ ਵਿੱਚ ਬਣਿਆ ਹੋਵੇ। ਭਾਰਤ ਦੇ ਆਤਮਨਿਰਭਰ ਬਣਨ ਦਾ ਰਾਹ, ਭਾਰਤ ਵਿੱਚ ਬਣੀਆਂ ਚੀਜ਼ਾਂ 'ਤੇ ਮਾਣ ਕਰਨ ਨਾਲ ਹੀ ਪੱਧਰਾ ਹੋਵੇਗਾ।

'ਮਨ ਕੀ ਬਾਤ' ਪੂਰੀ ਸੁਣਨ ਦੇ ਲਈ QR ਕੋਡ ਸਕੈਨ ਕਰੋ।

ਨਿਊ ਇੰਡੀਆ
**ਸਮਾਚਾਰ**

ਜਿਲਦ: 7, ਅੰਕ 06 | 16- 30 ਸਤੰਬਰ, 2026

**ਐਡੀਟਰ ਇਨ ਚੀਫ਼ :**
**ਧੀਰੇਂਦਰ ਓਝਾ**
ਪ੍ਰਿੰਸੀਪਲ ਡਾਇਰੈਕਟਰ ਜਨਰਲ,
ਪੱਤਰ ਸੂਚਨਾ ਦਫ਼ਤਰ, ਨਵੀਂ ਦਿੱਲੀ

ਮੁੱਖ ਸਲਾਹਕਾਰ ਸੰਪਾਦਕ
**ਸੰਤੋਸ਼ ਕੁਮਾਰ**

ਸੀਨੀਅਰ ਸਹਾਇਕ ਸਲਾਹਕਾਰ ਸੰਪਾਦਕ
**ਪਵਨ ਕੁਮਾਰ**

ਸਹਾਇਕ ਸਲਾਹਕਾਰ ਸੰਪਾਦਕ
**ਅਖਿਲੇਸ਼ ਕੁਮਾਰ**
**ਚੰਦਨ ਕੁਮਾਰ ਚੌਧਰੀ**

ਭਾਸ਼ਾ ਸੰਪਾਦਨ
**ਸੁਮਿਤ ਕੁਮਾਰ (ਅੰਗ੍ਰੇਜ਼ੀ),**
**ਰਜਨੀਸ਼ ਮਿਸ਼ਰਾ (ਅੰਗ੍ਰੇਜ਼ੀ)**
**ਨਦੀਮ ਅਹਿਮਦ (ਉਰਦੂ),**
**ਅਹਿਮਦ ਖਾਨ (ਪੰਜਾਬੀ)**

ਸੀਨੀਅਰ ਡਿਜ਼ਾਈਨਰ
**ਫੂਲ ਚੰਦ ਤਿਵਾਰੀ**

ਡਿਜ਼ਾਈਨਰ
**ਅਭੈ ਗੁਪਤਾ**
**ਸਤਯਮ ਸਿੰਘ**




**13 ਭਾਸ਼ਾਵਾਂ ਵਿੱਚ ਉਪਲਬਧ 'ਨਿਊ ਇੰਡੀਆ ਸਮਾਚਾਰ' ਨੂੰ ਪੜ੍ਹਨ ਦੇ ਲਈ ਕਲਿੱਕ ਕਰੋ।**
https://newindiasamachar.pib.gov.in/news.aspx

**ਨਿਊ ਇੰਡੀਆ ਸਮਾਚਾਰ' ਦੇ ਪੁਰਾਣੇ ਅੰਕ ਪੜ੍ਹਨ ਦੇ ਲਈ ਕਲਿੱਕ ਕਰੋ**
https://newindiasamachar.pib.gov.in/archive.aspx

ਨਿਊ ਇੰਡੀਆ ਸਮਾਚਾਰ ਬਾਰੇ ਲਗਾਤਾਰ ਅੱਪਡੇਟ ਦੇ ਲਈ ਫਾਲੋ ਕਰੋ: @NISPIBIndia

# ਅੰਦਰਲੇ ਪੰਨਿਆਂ ਉੱਤੇ...

## ਕਤਾਰ ਤੋਂ ਕਿਊਆਰ ਕੋਡ ਤੱਕ

ਨਵੇਂ ਭਾਰਤ ਦੀ ਯੂਪੀਆਈ ਭੁਗਤਾਨ ਕ੍ਰਾਂਤੀ



ਕਵਰ ਸਟੋਰੀ
**ਯੂਪੀਆਈ ਦੇ 10 ਵਰ੍ਹੇ**

ਬਟੂਏ ਤੋਂ ਨਿਕਲਦੇ ਨੋਟ, ਗੁੱਲਕ ਵਿੱਚ ਗਿਣ ਕੇ ਰੱਖੇ ਗਏ ਰੁਪਏ ਅਤੇ ਏਟੀਐੱਮ ਦੀ ਕਤਾਰ-ਇਹ ਸਭ ਹੁਣ ਭਾਰਤ ਦੀ ਸਿਰਫ਼ ਇੱਕ ਪੁਰਾਣੀ ਯਾਦ ਰਹਿ ਗਏ ਹਨ। ਇੱਕ ਕਿਊਆਰ ਕੋਡ, ਇੱਕ ਸਕੈਨ ਅਤੇ ਕੁਝ ਸਕਿੰਟ- ਅੱਜ ਦੇਸ਼ ਦੇ ਲੈਣ-ਦੇਣ ਦੀ ਇਹੀ ਨਵੀਂ ਭਾਸ਼ਾ ਹੈ। ਦਸ ਵਰ੍ਹੇ ਪਹਿਲਾਂ ਅਗਸਤ ਮਹੀਨੇ ਵਿੱਚ ਇੱਕ ਪ੍ਰਣਾਲੀ ਸ਼ੁਰੂ ਕੀਤੀ ਗਈ ਸੀ, ਉਹ ਅੱਜ ਦੁਨੀਆ ਦੀ ਸਭ ਤੋਂ ਵੱਡੀ ਰੀਅਲ-ਟਾਈਮ ਭੁਗਤਾਨ ਪ੍ਰਣਾਲੀ ਬਣ ਕੇ ਭਾਰਤ ਦੀ ਪਛਾਣ ਬਣ ਚੁੱਕੀ ਹੈ। ਇਹ ਕਹਾਣੀ ਹੈ ਉਸ ਬਦਲਾਅ ਦੀ, ਜਿਸ ਨੇ ਰੇਹੜੀ-ਪਟੜੀ ਵਾਲਿਆਂ ਤੋਂ ਲੈ ਕੇ ਵੱਡੇ ਵਪਾਰੀਆਂ ਤੱਕ, ਦੇਸ਼ ਤੋਂ ਲੈ ਕੇ ਵਿਦੇਸ਼ਾਂ ਤੱਕ, ਲੋਕਾਂ ਦੇ ਜੀਵਨ ਨੂੰ ਬਣਾਇਆ ਅਸਾਨ... | 8-20

ਪੁਲਾੜ ਸਟਾਰਟਅੱਪ ਦੇ ਮੁੱਖ ਕਾਰਜਕਾਰੀ ਅਧਿਕਾਰੀਆਂ ਦੇ ਨਾਲ ਪੀਐੱਮ ਮੋਦੀ ਦੀ ਗੱਲਬਾਤ

## ਪੁਲਾੜ ਵਿੱਚ ਭਾਰਤ ਦੀ ਨੌਜਵਾਨ ਸ਼ਕਤੀ

'ਸੇਵਾ ਤੀਰਥ' ਵਿੱਚ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ 20 ਸਪੇਸ ਸਟਾਰਟਅੱਪ ਪ੍ਰਮੁੱਖਾਂ ਨਾਲ ਕੀਤੀ ਮੁਲਾਕਾਤ | 28-29



ਖੇਲੋ ਇੰਡੀਆ

## ਖੇਡਾਂ: ਨੌਜਵਾਨ ਸ਼ਕਤੀ ਨੂੰ ਨਾਲ ਜੋੜਨ ਦਾ ਅਭਿਆਨ

ਪੀਐੱਮ ਮੋਦੀ ਨੇ 'ਖੇਲੋ ਇੰਡੀਆ ਡਾਇਲੌਗ' ਵਿੱਚ ਨੌਜਵਾਨਾਂ ਨੂੰ ਕੀਤਾ ਸੰਬੋਧਨ | 32-33




**ਸਮਾਚਾਰ ਸਾਰ** | 4-5

**ਗੁਣਵੱਤਾ ਅਤੇ ਰਫ਼ਤਾਰ ਨਾਲ-ਨਾਲ**
ਪ੍ਰਗਤੀ ਦੀ 53ਵੀਂ ਮੀਟਿੰਗ ਦੀ ਪ੍ਰਧਾਨ ਮੰਤਰੀ ਮੋਦੀ ਨੇ ਕੀਤੀ ਪ੍ਰਧਾਨਗੀ | 6-7

**ਚਾਰ ਮਲਟੀ ਟ੍ਰੈਕਿੰਗ ਅਤੇ ਇੱਕ ਹਾਈਵੇਅ ਪ੍ਰੋਜੈਕਟ ਨੂੰ ਮਿਲੀ ਮਨਜ਼ੂਰੀ**
ਕੇਂਦਰੀ ਕੈਬਨਿਟ ਦੇ ਫ਼ੈਸਲੇ | 21

**'ਆਯੁਸ਼ਮਾਨ ਭਾਰਤ' ਨਾਲ ਮਜ਼ਬੂਤ ਹੁੰਦਾ ਨਵਾਂ ਭਾਰਤ**
ਹੁਣ ਤੱਕ 47 ਕਰੋੜ ਤੋਂ ਵੱਧ ਆਯੁਸ਼ਮਾਨ ਕਾਰਡ ਜਾਰੀ | 22-23

**ਰਾਸ਼ਟਰੀ ਪੋਸ਼ਣ ਮਾਹ 2026: ਪੋਸ਼ਿਤ ਭਾਰਤ ਤੰਦਰੁਸਤ ਭਾਰਤ**
'ਹਮਾਰੀ ਆਂਗਨਵਾੜੀ ਹਮਾਰੀ ਜ਼ਿੰਮੇਦਾਰੀ ਹੈ' 9ਵੇਂ ਰਾਸ਼ਟਰੀਯ ਪੋਸ਼ਣ ਮਾਹ ਦੀ ਥੀਮ | 24-25

**ਜੀਡੀਪੀ : 7.8% ਰਫ਼ਤਾਰ ਨਾਲ ਵਧੀ ਅਰਥਵਿਵਸਥਾ**
ਆਲਮੀ ਚੁਣੌਤੀਆਂ ਵਿਚਕਾਰ ਭਾਰਤ ਨੇ ਜਿੱਤਿਆ ਆਰਥਿਕ ਮੋਰਚਾ | 26-27

**ਰਿਫੌਰਮਸ... ਰੁਕਾਵਟ ਨਹੀਂ, ਵਚਨਬੱਧਤਾ ਅਤੇ ਦ੍ਰਿੜ੍ਹ ਵਿਸ਼ਵਾਸ**
ਇਕੌਨਮਿਕ ਟਾਈਮਸ ਵਰਲਡ ਲੀਡਰਸ ਫੋਰਮ 2026 ਨੂੰ ਪੀਐੱਮ ਮੋਦੀ ਨੇ ਕੀਤਾ ਸੰਬੋਧਨ | 30-31

**ਮਜ਼ਬੂਤ ਹੁੰਦਾ ਕਰੂਜ਼ ਇਨਫ੍ਰਾਸਟ੍ਰਕਚਰ**
ਕਰੂਜ਼ ਭਾਰਤ ਮਿਸ਼ਨ ਦੇ ਦੋ ਵਰ੍ਹੇ ਪੂਰੇ ਹੋ ਰਹੇ, 32 ਰਾਸ਼ਟਰੀ ਜਲਮਾਰਗ ਕਾਰਜਸ਼ੀਲ | 39

**ਸ਼ਖ਼ਸੀਅਤ: ਰਾਣੀ ਰਸ਼ਮਨੀ**
ਹਿੰਮਤ, ਦਇਆ ਅਤੇ ਦ੍ਰਿੜ੍ਹ ਵਿਸ਼ਵਾਸ ਦੀ ਪ੍ਰਤੀਕ | 40


ਪੀਐੱਮ ਦੀ ਵਿਦੇਸ਼ ਯਾਤਰਾ

ਭਾਰਤ-ਉਜ਼ਬੇਕ-ਕਿਰਗਿਜ਼ ਸਬੰਧ

## ਸੱਭਿਆਚਾਰਕ ਜੁੜਾਅ ਦੀ ਮਜ਼ਬੂਤ ਡੋਰ



ਸ਼ੰਘਾਈ ਸਹਿਯੋਗ ਸੰਗਠਨ (ਐੱਸਸੀਓ) ਦੇ ਸਿਖਰ ਸੰਮੇਲਨ ਵਿੱਚ ਭਾਰਤ ਦੀ ਸਰਗਰਮ ਭਾਗੀਦਾਰੀ ਨੇ ਖੇਤਰੀ ਸੰਵਾਦ ਅਤੇ ਬਹੁਪੱਖੀ ਸਾਂਝੇਦਾਰੀ ਨੂੰ ਪ੍ਰਦਾਨ ਕੀਤੀ ਨਵੀਂ ਊਰਜਾ | 34-38


**ਪ੍ਰਕਾਸ਼ਕ ਅਤੇ ਪ੍ਰਿੰਟਰ:** ਕੰਚਨ ਪ੍ਰਸਾਦ, ਪ੍ਰਿੰਸੀਪਲ ਡਾਇਰੈਕਟਰ ਜਨਰਲ, ਸੀਬੀਸੀ (ਕੇਂਦਰੀ ਸੰਚਾਰ ਬਿਊਰੋ)। **ਕਮਿਊਨੀਕੇਸ਼ਨ ਅਡਰੈੱਸ ਅਤੇ ਈ-ਮੇਲ :** ਕਮਰਾ ਨੰਬਰ -316, ਨੈਸ਼ਨਲ ਮੀਡੀਆ ਸੈਂਟਰ, ਰਾਏਸਿਨਾ ਰੋਡ, ਨਵੀਂ ਦਿੱਲੀ -110001, **ਈ- ਮੇਲ** –responsenis@pib.gov.in **ਆਰ.ਐੱਨ.ਆਈ. ਨੰਬਰ** DELPUN/2020/78808

# ਸੰਪਾਦਕ ਦੀ ਕਲਮ ਤੋਂ...

## ਯੂਪੀਆਈ ਦੇ 10 ਸ਼ਾਨਦਾਰ ਵਰ੍ਹੇ

# ਛੋਟੀ ਰੇਹੜੀ ਹੋਵੇ ਜਾਂ ਵੱਡੀ ਦੁਕਾਨ... ਹੋ ਰਿਹਾ ਯੂਪੀਆਈ ਨਾਲ ਭੁਗਤਾਨ

ਸਾਦਰ ਨਮਸਕਾਰ

ਸਵੇਰ ਦੀ ਸਬਜ਼ੀ ਮੰਡੀ ਵਿੱਚ ਠੇਲੇ ਵਾਲਾ ਹੁਣ ਕਿਊਆਰ ਕੋਡ ਦਿਖਾਉਂਦਾ ਹੈ। ਗ੍ਰਾਹਕ ਫੋਨ ਤੋਂ ਸਕੈਨ ਕਰਦਾ ਹੈ, ਕੁਝ ਸਕਿੰਟ ਵਿੱਚ ਭੁਗਤਾਨ ਹੋ ਜਾਂਦਾ ਹੈ। ਨਾ ਨਕਦ ਗਿਣਨ ਦਾ ਝੰਝਟ, ਨਾ ਬਾਕੀ ਪੈਸੇ ਵਾਪਸ ਕਰਨ ਦੀ ਚਿੰਤਾ। ਬਿਜਲੀ ਦਾ ਬਿਲ ਹੋਵੇ ਜਾਂ ਦੁੱਧ ਵਾਲੇ ਦਾ ਹਿਸਾਬ, ਗਲੀ ਦੇ ਨੁੱਕੜ ਦੀ ਚਾਹ ਦੀ ਦੁਕਾਨ ਹੋਵੇ ਜਾਂ ਸ਼ਹਿਰ ਦਾ ਵੱਡਾ ਮੌਲ, ਹਰ ਜਗ੍ਹਾ ਇੱਕ ਹੀ ਸੁਵਿਧਾ, ਤੇਜ਼, ਸੁਰੱਖਿਅਤ ਅਤੇ ਪਾਰਦਰਸ਼ੀ ਭੁਗਤਾਨ। ਇਹੀ ਹੈ ਯੂਨੀਫਾਈਡ ਪੇਮੈਂਟਸ ਇੰਟਰਫੇਸ ਭਾਵ ਯੂਪੀਆਈ ਦੀ ਅਸਲੀ ਤਾਕਤ, ਜਿਸ ਨੇ ਆਮ ਆਦਮੀ ਦੀ ਰੋਜ਼ਾਨਾ ਦੀ ਜ਼ਿੰਦਗੀ ਨੂੰ ਅਸਾਨ ਬਣਾ ਦਿੱਤਾ ਹੈ।

25 ਅਗਸਤ 2016 ਨੂੰ ਨੈਸ਼ਨਲ ਪੇਮੈਂਟਸ ਕਾਰਪੋਰੇਸ਼ਨ ਆਫ਼ ਇੰਡੀਆ ਨੇ ਭਾਰਤੀ ਰਿਜ਼ਰਵ ਬੈਂਕ ਦੇ ਮਾਰਗਦਰਸ਼ਨ ਵਿੱਚ ਯੂਪੀਆਈ ਦੀ ਸ਼ੁਰੂਆਤ ਕੀਤੀ ਸੀ। ਹੁਣ ਇਹ ਸੇਵਾ ਆਪਣੇ ਦਸ ਵਰ੍ਹੇ ਪੂਰੇ ਕਰ ਚੁੱਕੀ ਹੈ ਅਤੇ ਭਾਰਤ ਦੇ ਡਿਜੀਟਲ ਭੁਗਤਾਨ ਸਿਸਟਮ ਦੀ ਰੀੜ੍ਹ ਦੀ ਹੱਡੀ ਬਣ ਗਈ ਹੈ।

ਇਨ੍ਹਾਂ ਦਸ ਵਰ੍ਹਿਆਂ ਵਿੱਚ ਯੂਪੀਆਈ ਨੇ ਸ਼ਾਨਦਾਰ ਵਾਧਾ ਦਰਜ ਕੀਤਾ ਹੈ। ਵਿੱਤੀ ਵਰ੍ਹੇ 2016-17 ਵਿੱਚ ਜਿੱਥੇ ਸਿਰਫ਼ 2 ਕਰੋੜ ਲੈਣ-ਦੇਣ ਹੋਏ ਸਨ, ਉੱਥੇ 2025-26 ਵਿੱਚ ਇਹ ਅੰਕੜਾ 24,162 ਕਰੋੜ ਨੂੰ ਪਾਰ ਕਰ ਗਿਆ, ਭਾਵ ਲਗਭਗ 12,000 ਗੁਣਾ ਵਾਧਾ। ਇਸੇ ਤਰ੍ਹਾਂ ਲੈਣ-ਦੇਣ ਦੀ ਰਾਸ਼ੀ 0.07 ਲੱਖ ਕਰੋੜ ਰੁਪਏ ਤੋਂ ਵਧ ਕੇ ਲਗਭਗ 314 ਲੱਖ ਕਰੋੜ ਰੁਪਏ ਹੋ ਗਈ। ਸ਼ੁਰੂਆਤ ਵਿੱਚ ਸਿਰਫ਼ 44 ਬੈਂਕ ਇਸ ਨਾਲ ਜੁੜੇ ਸਨ, ਹੁਣ 741 ਬੈਂਕ ਯੂਪੀਆਈ'ਤੇ ਸਰਗਰਮ ਹਨ। ਧੋਖਾਧੜੀ ਰੋਕਣ ਦੇ ਲਈ ਸਰਕਾਰ, ਆਰਬੀਆਈ ਅਤੇ ਐੱਨਪੀਸੀਆਈ ਨੇ ਜੋਖਮ ਅਧਾਰਿਤ ਲੈਣ-ਦੇਣ ਦੀ ਸੀਮਾ ਅਤੇ ਮਜ਼ਬੂਤ ਸੁਰੱਖਿਆ ਮਿਆਰ ਲਾਗੂ ਕੀਤੇ ਹਨ। ਹੁਣ ਯੂਪੀਆਈ ਭਾਰਤ ਤੋਂ ਇਲਾਵਾ 11 ਹੋਰ ਦੇਸ਼ਾਂ ਵਿੱਚ ਵੀ ਕੰਮ ਕਰ ਰਿਹਾ ਹੈ। ਨਾਲ ਹੀ, ਉਜ਼ਬੇਕਿਸਤਾਨ ਵਿੱਚ ਵੀ ਯੂਪੀਆਈ ਭੁਗਤਾਨ ਸਮਰੱਥ ਬਣਾਉਣ ਦੇ ਲਈ 30 ਅਗਸਤ ਨੂੰ ਸਮਝੌਤੇ 'ਤੇ ਦਸਤਖਤ ਕੀਤੇ ਗਏ ਹਨ।

ਅੰਤਰਰਾਸ਼ਟਰੀ ਮੁਦਰਾ ਫੰਡ ਨੇ ਵੀ ਯੂਪੀਆਈ ਨੂੰ ਦੁਨੀਆ ਦਾ ਸਭ ਤੋਂ ਵੱਡਾ ਰੀਅਲ-ਟਾਈਮ ਭੁਗਤਾਨ ਸਿਸਟਮ ਦੱਸਿਆ ਹੈ। ਇਹ ਉਪਲਬਧੀ ਭਾਰਤ ਦੇ ਡਿਜੀਟਲ ਪਬਲਿਕ ਇਨਫ੍ਰਾਸਟ੍ਰਕਚਰ ਦੀ ਸਮਰੱਥਾ ਅਤੇ ਸਮਾਵੇਸ਼ੀ ਸੋਚ ਦਾ ਪ੍ਰਮਾਣ ਹੈ, ਜਿਸ ਨੇ ਹਰ ਨਾਗਰਿਕ ਨੂੰ ਵਿੱਤੀ ਮੁੱਖ ਧਾਰਾ ਨਾਲ ਜੋੜਿਆ ਹੈ। ਯੂਪੀਆਈ ਦੀ ਇੱਕ ਦਹਾਕੇ ਦੀ ਯਾਤਰਾ ਹੀ ਇਸ ਵਾਰ ਦੇ ਸਾਡੇ ਅੰਕ ਦੀ ਕਵਰ ਸਟੋਰੀ ਬਣੀ ਹੈ।

ਇਸ ਤੋਂ ਇਲਾਵਾ ਸ਼ਖ਼ਸੀਅਤ ਦੀ ਕੜੀ ਵਿੱਚ ਹਿੰਮਤ, ਦਇਆ ਅਤੇ ਦ੍ਰਿੜ੍ਹ ਵਿਸ਼ਵਾਸ ਦੀ ਪ੍ਰਤੀਕ ਰਾਣੀ ਰਸ਼ਮਨੀ, ਕੇਂਦਰੀ ਕੈਬਨਿਟ ਦੇ ਫ਼ੈਸਲੇ, ਪ੍ਰਗਤੀ ਦੀ ਮੀਟਿੰਗ, ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਵਿਦੇਸ਼ ਯਾਤਰਾ ਸਮੇਤ ਉਨ੍ਹਾਂ ਦੇ ਪਖਵਾੜੇ ਭਰ ਦੇ ਪ੍ਰੋਗਰਾਮਾਂ ਨੂੰ ਇਸ ਵਿੱਚ ਸ਼ਾਮਲ ਕੀਤਾ ਗਿਆ ਹੈ।

ਨਾਲ ਹੀ, ਪੱਤ੍ਰਿਕਾ ਦੇ ਅੰਦਰਲੇ ਪੰਨਿਆਂ 'ਤੇ 'ਮਨ ਕੀ ਬਾਤ' ਅਤੇ ਬੈਕ ਕਵਰ 'ਤੇ 18 ਸਤੰਬਰ ਨੂੰ ਵਿਸ਼ਵ ਬਾਂਸ ਦਿਵਸ 'ਤੇ ਵਿਸ਼ੇਸ਼ ਸਮੱਗਰੀ ਸ਼ਾਮਲ ਹੈ।

ਤੁਸੀਂ ਆਪਣੇ ਸੁਝਾਅ ਸਾਨੂੰ ਭੇਜਦੇ ਰਹੋ।

**(ਧੀਰੇਂਦਰ ਓਝਾ)**

**ਹਿੰਦੀ, ਅੰਗ੍ਰੇਜ਼ੀ ਅਤੇ ਹੋਰ 11 ਭਾਸ਼ਾਵਾਂ ਵਿੱਚ ਉਪਲਬਧ ਪੱਤ੍ਰਿਕਾ ਪੜ੍ਹੋ /ਡਾਊਨਲੋਡ ਕਰੋ।**
**https://newindiasamachar.pib.gov.in/news.aspx**

# ਆਪਕੀ ਬਾਤ...






## ਜਾਗਰੂਕ ਕਰਨ ਵਿੱਚ ਮਹੱਤਵਪੂਰਨ ਭੂਮਿਕਾ

ਮੈਂ ਪ੍ਰਤੀਯੋਗੀ ਪ੍ਰੀਖਿਆਵਾਂ ਦੀ ਤਿਆਰੀ ਕਰ ਰਿਹਾ ਹਾਂ। ਇਹ ਪੱਤ੍ਰਿਕਾ ਨੈਸ਼ਨਲ ਪੌਲਿਸੀ, ਡਿਵੈਲਪਮੈਂਟ ਪ੍ਰੋਗਰਾਮ ਅਤੇ ਸੋਸ਼ਿਓ-ਇਕੌਨਮਿਕ ਪਹਿਲਕਦਮੀ 'ਤੇ ਅਪਡੇਟ ਰਹਿਣ ਵਿੱਚ ਬਹੁਤ ਮਦਦ ਕਰਦੀ ਹੈ। ਇਹ ਪੱਤ੍ਰਿਕਾ ਵਿਗਿਆਨ, ਤਕਨਾਲੋਜੀ, ਰੱਖਿਆ, ਬੁਨਿਆਦੀ ਢਾਂਚੇ, ਖੇਡਾਂ ਅਤੇ ਸਿੱਖਿਆ ਵਰਗੇ ਖੇਤਰਾਂ ਵਿੱਚ ਹੋਏ ਮਹੱਤਵਪੂਰਨ ਵਿਕਾਸ ਨੂੰ ਬਿਹਤਰ ਤਰੀਕੇ ਨਾਲ ਦੱਸਦੀ ਹੈ। ਇਸ ਨੂੰ ਪੜ੍ਹਨ ਵਾਲਿਆਂ ਨੂੰ ਵਿਕਸਿਤ ਭਾਰਤ ਦੇ ਸਫਰ ਦੀ ਬਿਹਤਰ ਸਮਝ ਮਿਲਦੀ ਹੈ। ਪੱਤ੍ਰਿਕਾ ਦੇਸ਼ ਵਿੱਚ ਹੋ ਰਹੇ ਵਿਕਾਸ ਬਾਰੇ ਲੋਕਾਂ ਨੂੰ ਜਾਗਰੂਕ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾ ਰਹੀ ਹੈ।

**mihirtiwariabkp2002@gmail.com**

## ਸਰਕਾਰੀ ਪਹਿਲਕਦਮੀ, ਦੇਸ਼ ਦੇ ਵਿਕਾਸ ਦੀ ਜਾਣਕਾਰੀ

ਨਿਊ ਇੰਡੀਆ ਸਮਾਚਾਰ ਪੱਤ੍ਰਿਕਾ ਵਿੱਚ ਸਰਕਾਰੀ ਪਹਿਲਕਦਮੀ, ਦੇਸ਼ ਦੇ ਵਿਕਾਸ, ਪਬਲਿਕ ਵੈਲਫੇਅਰ ਸਕੀਮ ਅਤੇ ਮੌਜੂਦਾ ਘਟਨਾਵਾਂ ਬਾਰੇ ਮਹੱਤਵਪੂਰਨ ਜਾਣਕਾਰੀ ਹੁੰਦੀ ਹੈ। ਇਸ ਨੂੰ ਪੜ੍ਹਨ ਨਾਲ ਵਿਦਿਆਰਥੀਆਂ ਅਤੇ ਦੇਸ਼ਵਾਸੀਆਂ ਨੂੰ ਬਹੁਤ ਲਾਭ ਮਿਲ ਰਿਹਾ ਹੈ।।

**library.bspp@ganpatuniversity.ac.in**

## ਜ਼ਿੰਮੇਦਾਰ ਨਾਗਰਿਕ ਬਣਨ ਦੇ ਲਈ ਕਰਦੀ ਹੈ ਪ੍ਰੇਰਿਤ

ਨਿਊ ਇੰਡੀਆ ਸਮਾਚਾਰ ਪੱਤ੍ਰਿਕਾ ਭਾਰਤ ਦੀ ਤਰੱਕੀ ਦੀ ਜਾਣਕਾਰੀ ਦਿੰਦੀ ਹੈ ਅਤੇ ਇੱਕ ਜ਼ਿੰਮੇਦਾਰ ਨਾਗਰਿਕ ਬਣਨ ਦੇ ਲਈ ਵੀ ਪ੍ਰੇਰਿਤ ਕਰਦੀ ਹੈ। ਨਿਊ ਇੰਡੀਆ ਸਮਾਚਾਰ ਈ-ਮੈਗਜ਼ੀਨ ਮੈਨੂੰ ਸਰਕਾਰੀ ਨੀਤੀਆਂ, ਕਾਮਯਾਬੀਆਂ ਅਤੇ ਵਿਕਾਸ ਬਾਰੇ ਜਾਣਕਾਰੀ ਰੱਖਣ ਵਿੱਚ ਮਦਦ ਕਰਦੀ ਹੈ। ਇਹ ਅਸਾਨੀ ਨਾਲ ਪੜ੍ਹੇ ਜਾਣ ਵਾਲੇ ਫੋਰਮੈਟ ਵਿੱਚ ਕੰਮ ਦੀ ਅਤੇ ਭਰੋਸੇਮੰਦ ਜਾਣਕਾਰੀ ਦਿੰਦੀ ਹੈ। ਇਹ ਪੱਤ੍ਰਿਕਾ ਮੈਨੂੰ ਇੱਕ ਜ਼ਿੰਮੇਦਾਰ ਨਾਗਰਿਕ ਤਾਂ ਬਣਾਉਂਦੀ ਹੀ ਹੈ ਅਤੇ ਸਮਝ ਵੀ ਵਧਾਉਂਦੀ ਹੈ।

**ਸੁਯਸ਼ ਚਤੁਰਵੇਦੀ**

**suyash.chaturvedii@gmail.com**

## ਭਾਰਤ ਦੀ ਤੇਜ਼ ਗ੍ਰੋਥ'ਤੇ ਮਾਣ

ਜਦੋਂ ਵੀ ਮੈਂ ਨਿਊ ਇੰਡੀਆ ਸਮਾਚਾਰ ਪੜ੍ਹਦਾ ਹਾਂ, ਮੈਨੂੰ ਸਾਰੇ ਸੈਕਟਰ ਵਿੱਚ ਭਾਰਤ ਦੀ ਤੇਜ਼ ਗ੍ਰੋਥ'ਤੇ ਬਹੁਤ ਮਾਣ ਹੁੰਦਾ ਹੈ। ਭਾਰਤ, ਕਈ ਮੁਸ਼ਕਲਾਂ ਨੂੰ ਪਾਰ ਕਰਦੇ ਹੋਏ ਤੇਜ਼ੀ ਨਾਲ ਅੱਗੇ ਵਧ ਰਿਹਾ ਹੈ, ਜਿਸ ਨਾਲ ਦੂਜੇ ਦੇਸ਼ ਵੀ ਸਾਨੂੰ ਹੈਰਾਨੀ ਨਾਲ ਦੇਖਦੇ ਹਨ ਅਤੇ ਤਾਰੀਫ ਕਰਦੇ ਹਨ।

**ਪ੍ਰੋ. ਪੀ. ਪ੍ਰੇਮਾ, ਤੰਜਾਵੂਰ**

**prof.prema@gmail.com**

## ਪੱਤ੍ਰਿਕਾ ਤੋਂ ਕਈ ਅਨਜਾਣ ਅਤੇ ਜ਼ਰੂਰੀ ਗੱਲਾਂ ਸਿੱਖੀਆਂ

ਨਿਊ ਇੰਡੀਆ ਸਮਾਚਾਰ ਪੱਤ੍ਰਿਕਾ ਬਹੁਤ ਬਿਹਤਰੀਨ ਹੈ। ਮੈਂ ਪਹਿਲਾਂ ਇਸ ਪੱਤ੍ਰਿਕਾ'ਤੇ ਜ਼ਿਆਦਾ ਧਿਆਨ ਨਹੀਂ ਦਿੱਤਾ ਸੀ, ਪਰ ਹੁਣ ਮੈਨੂੰ ਇਹ ਬਹੁਤ ਚੰਗੀ ਲਗ ਰਹੀ ਹੈ। ਮੈਂ ਇਸ ਪੱਤ੍ਰਿਕਾ ਤੋਂ ਕਈ ਅਨਜਾਣ ਅਤੇ ਜ਼ਰੂਰੀ ਗੱਲਾਂ ਸਿੱਖੀਆਂ ਹਨ। ਮੈਂ ਇਸ ਪੱਤ੍ਰਿਕਾ ਦੀ ਕਾਮਯਾਬੀ ਦੀ ਕਾਮਨਾ ਕਰਦਾ ਹਾਂ।

**ਸ਼੍ਰੀ ਕ੍ਰਿਸ਼ਣ ਦੱਤਾ**

**19duttakrishna@gmail.com**

ਸਮਾਚਾਰ ਸਾਰ

**ਪ੍ਰਧਾਨ ਮੰਤਰੀ ਫਸਲ ਬੀਮਾ ਯੋਜਨਾ**

## 100 ਰੁਪਏ ਦੇ ਪ੍ਰੀਮੀਅਮ 'ਤੇ ਮਿਲਿਆ 50,600 ਰੁਪਏ ਦਾ ਮੁਆਵਜ਼ਾ

ਪ੍ਰਧਾਨ ਮੰਤਰੀ ਫਸਲ ਬੀਮਾ ਯੋਜਨਾ (ਪੀਐੱਮਐੱਫਬੀਆਈ) ਪੂਰੇ ਦੇਸ਼ ਵਿੱਚ ਸੋਕੇ, ਹੜ੍ਹ, ਚੱਕਰਵਾਤ, ਓਲੇ, ਬਿਮਾਰੀਆਂ, ਬਿਜਾਈ ਨਾ ਹੋ ਪਾਉਣਾ, ਸਥਾਨਕ ਆਫਤਾਂ, ਬੇਮੌਸਮੀ ਮੀਂਹ ਅਤੇ ਫਸਲ ਦੀ ਵਾਢੀ ਤੋਂ ਬਾਅਦ ਹੋਣ ਵਾਲੇ ਨੁਕਸਾਨ 'ਤੇ ਵਿਆਪਕ ਬੀਮਾ ਕਵਰੇਜ ਦਿੰਦੀ ਹੈ। ਵਰ੍ਹੇ 2016 ਤੋਂ ਸ਼ੁਰੂ ਇਸ ਯੋਜਨਾ ਨਾਲ ਹੁਣ ਤੱਕ 92.4 ਕਰੋੜ ਉਮੀਦਵਾਰ ਕਿਸਾਨ ਲਾਭਵੰਦ ਹੋਏ ਹਨ। 2.06 ਲੱਖ ਕਰੋੜ ਰੁਪਏ ਤੋਂ ਵੱਧ ਦੇ ਦਾਅਵਿਆਂ ਦਾ ਭੁਗਤਾਨ ਕੀਤਾ ਜਾ ਚੁੱਕਿਆ ਹੈ।

ਪੀਐੱਮਐੱਫਬੀਵਾਈ ਦੀ ਤਾਕਤ ਦਾ ਅੰਦਾਜ਼ਾ ਤੁਸੀਂ ਅਸਾਮ ਦੇ ਚਨਖਲਾ ਪਿੰਡ ਦੇ ਛੋਟੇ ਕਿਸਾਨ ਅਨਵਰ ਹੁਸੈਨ ਦੀ ਕਹਾਣੀ ਤੋਂ ਲਗਾ ਸਕਦੇ ਹੋ। ਭਾਰੀ ਮੀਂਹ ਨਾਲ ਉਨ੍ਹਾਂ ਦੀ ਫਸਲ ਨੂੰ ਨੁਕਸਾਨ ਪਹੁੰਚਿਆ। ਚੰਗੀ ਗੱਲ ਇਹ ਸੀ ਕਿ ਅਨਵਰ ਨੇ 100 ਰੁਪਏ ਦਾ ਮਾਮੂਲੀ ਪ੍ਰੀਮੀਅਮ ਦੇ ਕੇ ਪੀਐੱਮਐੱਫਬੀਵਾਈ ਵਿੱਚ ਆਪਣਾ ਰਜਿਸ਼ਟ੍ਰੇਸ਼ਨ ਕਰਵਾਇਆ ਹੋਇਆ ਸੀ। ਇਸ ਦੀ ਵਜ੍ਹਾ ਨਾਲ ਉਨ੍ਹਾਂ ਨੂੰ 50,600 ਰੁਪਏ ਦਾ ਮੁਆਵਜ਼ਾ ਮਿਲਿਆ। ਆਰਥਿਕ ਤੰਗੀ ਵਿੱਚ ਫਸਣ ਦੀ ਥਾਂ ਆਤਮਵਿਸ਼ਵਾਸ ਦੇ ਨਾਲ ਖੇਤੀ ਜਾਰੀ ਰੱਖਣ ਵਾਲੇ ਅਨਵਰ ਕਹਿੰਦੇ ਹਨ ਕਿ ਪੀਐੱਮਐੱਫਬੀਵਾਈ ਮੁਸ਼ਕਲ ਸਮੇਂ ਵਿੱਚ ਇੱਕ ਸੁਰੱਖਿਆ ਕਵਚ ਦੀ ਤਰ੍ਹਾਂ ਕੰਮ ਕਰਦੀ ਹੈ।



## ਸੰਚਾਰ ਸਾਥੀ ਵੱਲੋਂ ਇੱਕ ਹੀ ਮਹੀਨੇ ਵਿੱਚ 77,000 ਤੋਂ ਵੱਧ ਮੋਬਾਈਲ ਬਰਾਮਦ

ਮੋਬਾਈਲ ਫੋਨ ਗੁੰਮ ਹੋਣ ਜਾਂ ਚੋਰੀ ਹੋਣ ਦੀ ਘਟਨਾ ਤੁਹਾਡੇ ਨਾਲ ਵਾਪਰੀ ਹੋਵੇ ਤਾਂ ਤੁਰੰਤ ਰਿਪੋਰਟ ਕਰੋ। ਗੁੰਮ ਜਾਂ ਚੋਰੀ ਹੋਏ ਮੋਬਾਈਲ ਫੋਨ ਦੀ ਬਰਾਮਦਗੀ ਵਿੱਚ ਸਰਕਾਰ ਦੀ ਨਾਗਰਿਕ-ਕੇਂਦ੍ਰਿਤ ਪਹਿਲਕਦਮੀ 'ਸੰਚਾਰ ਸਾਥੀ' ਦੇ ਇਹ ਅੰਕੜੇ ਭਰੋਸਾ ਪੱਕਾ ਕਰਦੇ ਹਨ। ਜੁਲਾਈ 2026 ਵਿੱਚ 77,692 ਮੋਬਾਈਲ ਬਰਾਮਦ ਕੀਤੇ ਗਏ। ਇਸ ਉਪਲਬਧੀ ਦੀ ਕੇਂਦਰੀ ਸੰਚਾਰ ਮੰਤਰੀ ਜਯੋਤਿਰਾਦਿੱਤਿਆ ਐੱਮ ਸਿੰਧੀਆ ਨੇ ਪ੍ਰਸ਼ੰਸਾ ਕੀਤੀ ਹੈ। ਨਾਗਰਿਕ 'ਸੰਚਾਰ ਸਾਥੀ' ਵੈੱਬ ਪੋਰਟਲ www.sancharsaathi.gov.in ਜਾਂ ਮੋਬਾਈਲ ਐਪ ਦੇ ਜ਼ਰੀਏ ਗੁੰਮ/ਚੋਰੀ ਹੋਏ ਮੋਬਾਈਲ ਦੀ ਰਿਪੋਰਟ ਕਰ ਸਕਦੇ ਹਨ। ਸ਼ਿਕਾਇਤ ਤੋਂ ਬਾਅਦ ਮੋਬਾਈਲ ਨੂੰ ਭਾਰਤੀ ਦੂਰਸੰਚਾਰ ਨੈੱਟਵਰਕ 'ਤੇ ਬਲੌਕ ਕਰ ਦਿੱਤਾ ਜਾਂਦਾ ਹੈ। ਜੇਕਰ ਕੋਈ ਵਿਅਕਤੀ ਉਸ ਮੋਬਾਈਲ ਦੀ ਵਰਤੋਂ ਕਰਨ ਦੀ ਕੋਸਿਸ਼ ਕਰਦਾ ਹੈ ਤਾਂ ਨੈੱਟਵਰਕ ਇਸ ਦੀ ਜਾਣਕਾਰੀ ਦਰਜ ਕਰਕੇ ਨਾਗਰਿਕ ਅਤੇ ਸਬੰਧਿਤ ਪੁਲਿਸ ਥਾਣੇ ਨੂੰ ਭੇਜਦਾ ਹੈ। ਇਸ ਨਾਲ ਪੁਲਿਸ ਨੂੰ ਮੋਬਾਈਲ ਬਰਾਮਦ ਕਰਨ ਅਤੇ ਉਸ ਨੂੰ ਅਸਲ ਮਾਲਕ ਤੱਕ ਪਹੁੰਚਾਉਣ ਵਿੱਚ ਮਦਦ ਮਿਲਦੀ ਹੈ।




## ਪਰਿਵਰਤਨ ਯੋਜਨਾ: ਦਿੱਲੀ-ਐੱਨਸੀਆਰ ਵਿੱਚ 1,300 ਤੋਂ ਵੱਧ ਲਾਭਪਾਤਰੀ ਰਜਿਸਟਰਡ

ਦਿੱਲੀ-ਐੱਨਸੀਆਰ ਵਿੱਚ ਵਾਤਾਵਰਣ ਸੁਧਾਰ ਅਤੇ ਹਵਾ ਦੇ ਪ੍ਰਦੂਸ਼ਣ ਵਿੱਚ ਕਮੀ ਲਿਆਉਣ ਦੇ ਉਦੇਸ਼ ਨਾਲ 14 ਜੁਲਾਈ, 2026 ਨੂੰ ਸ਼ੁਰੂ ਪਰਿਵਰਤਨ ਯੋਜਨਾ ਨੇ ਰਫ਼ਤਾਰ ਫੜ ਲਈ ਹੈ। ਯੋਜਨਾ ਵਿੱਚ 27 ਅਗਸਤ ਤੱਕ 1,300 ਤੋਂ ਵੱਧ ਲਾਭਪਾਤਰੀ ਰਜਿਸਟਰਡ ਹੋਏ ਹਨ, ਉੱਥੇ 42 ਬੈਂਕ ਅਤੇ 15 ਆਟੋ ਓਈਐੱਮ ਜੁੜ ਚੁੱਕੇ ਹਨ। ਇਸ ਦਾ ਉਦੇਸ਼ ਦਿੱਲੀ, ਹਰਿਆਣਾ, ਰਾਜਸਥਾਨ ਅਤੇ ਉੱਤਰ ਪ੍ਰਦੇਸ਼ ਦੇ ਐੱਨਸੀਆਰ ਜ਼ਿਲ੍ਹਿਆਂ ਵਿੱਚ ਬੀਐੱਸ-IV ਜਾਂ ਉਸ ਤੋਂ ਪੁਰਾਣੇ ਮਿਆਰ ਵਾਲੇ 2 ਲੱਖ ਤੋਂ ਵੱਧ ਟਰੱਕਾਂ ਅਤੇ ਬੱਸਾਂ ਨੂੰ ਬੀਐੱਸ-VI ਜਾਂ ਇਲੈਕਟ੍ਰਿਕ ਵਾਹਨਾਂ ਨਾਲ ਬਦਲਣਾ ਹੈ। ਯੋਜਨਾ 'ਤੇ ਕੁੱਲ 9,585 ਕਰੋੜ ਰੁਪਏ ਖਰਚ ਕੀਤੇ ਜਾਣਗੇ। ਪਰਿਵਰਤਨ ਯੋਜਨਾ ਦੇ ਤਹਿਤ ਰੋਡ ਟੈਕਸ ਵਿੱਚ 10 ਵਰ੍ਹਿਆਂ ਦੀ ਮਿਆਦ ਦੇ ਲਈ ਛੂਟ ਦੀ ਨੋਟੀਫਿਕੇਸ਼ਨ ਰਾਜ ਪਹਿਲਾਂ ਹੀ ਜਾਰੀ ਕਰ ਚੁੱਕੇ ਹਨ। ਯੋਜਨਾ ਵਿੱਚ ਡੀਜ਼ਲ ਅਤੇ ਸੀਐੱਨਜੀ ਵਾਹਨ ਖਰੀਦਣ ਵਾਲਿਆਂ ਨੂੰ ਈਂਧਣ ਵਾਉਚਰ ਅਤੇ ਇਲੈਕਟ੍ਰਿਕ ਵਾਹਨ ਖਰੀਦਣ ਵਾਲਿਆਂ ਨੂੰ ਇੱਕ ਵਾਰ 64 ਹਜ਼ਾਰ ਰੁਪਏ ਤੋਂ 2.56 ਲੱਖ ਰੁਪਏ ਤੱਕ ਪ੍ਰੋਤਸਾਹਨ ਰਾਸ਼ੀ ਦਿੱਤੀ ਜਾਂਦੀ ਹੈ।



## ਆਤਮਨਿਰਭਰ ਭਾਰਤ... ਜਲ ਸੈਨਾ ਨੂੰ ਇੱਕ ਹਫ਼ਤੇ ਵਿੱਚ ਦੋ ਸਵਦੇਸ਼ੀ ਤੌਰ ‘ਤੇ ਬਣੇ ਜਹਾਜ਼ ਸੌਂਪੇ ਗਏ

ਭਾਰਤ ਰੱਖਿਆ ਖੇਤਰ ਵਿੱਚ ਆਤਮਨਿਰਭਰਤਾ ਨੂੰ ਮਜ਼ਬੂਤੀ ਨਾਲ ਅੱਗੇ ਵਧਾ ਰਿਹਾ ਹੈ। ਇਸੇ ਕੜੀ ਵਿੱਚ ਭਾਰਤੀ ਜਲ ਸੈਨਾ ਨੂੰ ਅਗਸਤ ਦੇ ਆਖਰੀ ਹਫ਼ਤੇ ਵਿੱਚ ਦੋ ਸਵਦੇਸ਼ੀ ਤੌਰ ‘ਤੇ ਬਣੇ ਜਹਾਜ਼ ਸੌਂਪੇ ਗਏ। ਜਲ ਸੈਨਾ ਬੇੜੇ ਵਿੱਚ ਸ਼ਾਮਲ ਪਹਿਲਾ ਸਵਦੇਸ਼ੀ ਬਹੁ-ਉਦੇਸ਼ੀ ਜਹਾਜ਼ ‘ਸਮਰਥਕ’ ਹੈ। ਦੂਜਾ ਨਿਸਤਾਰ ਸ਼੍ਰੇਣੀ ਦਾ ਡਾਇਵਿੰਗ ਜਹਾਜ਼ ‘ਆਈਐੱਨਐੱਸ ਨਿਪੁੰਨ’ ਹੈ। ਦੋਵੇਂ ਹੀ ਜਹਾਜ਼ਾਂ ਦੇ ਨਿਰਮਾਣ ਵਿੱਚ 75%ਸਵਦੇਸ਼ੀ ਸਮੱਗਰੀ ਦੀ ਵਰਤੋਂ ਕੀਤੀ ਗਈ ਹੈ। ਭਾਰਤੀ ਜਲ ਸੈਨਾ ਨੂੰ ਪਹਿਲਾ ਸਵਦੇਸ਼ੀ ਬਹੁ-ਉਦੇਸ਼ੀ ਜਹਾਜ਼ ‘ਸਮਰਥਕ’ 27 ਅਗਸਤ ਨੂੰ ਸੌਂਪਿਆ ਗਿਆ। ਇਸ ਨੂੰ ਇੱਕ ਬਹੁ-ਉਪਯੋਗੀ ਟੈਸਟਿੰਗ ਅਤੇ ਮੁਲਾਂਕਣ ਪਲੈਟਫਾਰਮ ਦੇ ਤੌਰ ‘ਤੇ ਤਿਆਰ ਕੀਤਾ ਗਿਆ ਹੈ। ਇਸ ਜਹਾਜ਼ ਨੂੰ ਸਮੁੰਦਰੀ ਨਿਗਰਾਨੀ ਅਤੇ ਖੋਜ, ਤੱਟਵਰਤੀ ਗਸ਼ਤ ਕਰਨ ਅਤੇ ਜ਼ਰੂਰਤ ਪੈਣ ‘ਤੇ ਮਨੁੱਖੀ ਸਹਾਇਤਾ ਅਤੇ ਆਫਤ ਰਾਹਤ ਕਾਰਜਾਂ ਵਿੱਚ ਮਦਦ ਕਰਨ ਦੇ ਲਈ ਡਿਜ਼ਾਈਨ ਕੀਤਾ ਗਿਆ ਹੈ। ਨਿਸਤਾਰ ਸ਼੍ਰੇਣੀ ਦੇ ਦੂਜੇ ਗੋਤਾਖੋਰੀ ਸਹਾਇਤਾ ਜਹਾਜ਼ (ਡੀਐੱਸਵੀ) ਆਈਐੱਨਐੱਸ ਨਿਪੁੰਨ ਦੇ ਸ਼ਾਮਲ ਹੋਣ ਨਾਲ ਜਲ ਸੈਨਾ ਦੀ ਡੂੰਘੇ ਸਮੁੰਦਰ ਵਿੱਚ ਗੋਤਾਖੋਰੀ, ਪਾਣੀ ਦੇ ਅੰਦਰ ਅਭਿਆਨਾਂ ਅਤੇ ਪਣਡੁੱਬੀ ਬਚਾਅ ਅਭਿਆਨਾਂ ਦੀਆਂ ਸਮਰੱਥਾਵਾਂ ਵਿੱਚ ਵਾਧਾ ਹੋਇਆ ਹੈ।



## ਪੀਐੱਮ ਸਵਨਿਧੀ: ਪੁਨਰਗਠਨ ਤੋਂ ਬਾਅਦ 10.56 ਲੱਖ ਨਵੇਂ ਲਾਭਪਾਤਰੀਆਂ ਨੂੰ ਲੋਨ

ਰੇਹੜੀ-ਪਟੜੀ ਵਾਲਿਆਂ ਦੀ ਸਹਾਇਤਾ ਦੇ ਲਈ ਸ਼ੁਰੂ ਪੀਐੱਮ ਸਵਨਿਧੀ ਯੋਜਨਾ ਦਾ ਪੁਨਰਗਠਨ ਕਰਕੇ ਬੀਤੇ ਵਰ੍ਹੇ 31 ਮਾਰਚ, 2030 ਤੱਕ ਵਿਸਤਾਰ ਕੀਤਾ ਗਿਆ। ਪੁਨਰਗਠਨ ਤੋਂ ਬਾਅਦ ਦੇ ਇੱਕ ਵਰ੍ਹੇ ਵਿੱਚ 10.56 ਲੱਖ ਨਵੇਂ ਲਾਭਪਾਤਰੀਆਂ ਨੂੰ 6,294 ਕਰੋੜ ਰੁਪਏ ਦੀ ਰਾਸ਼ੀ ਦੇ 21.86 ਲੱਖ ਲੋਨ ਦਿੱਤੇ ਗਏ ਹਨ। ਉੱਥੇ ਯੋਗ ਵੈਂਡਰਾਂ ਦੇ ਲਈ ਸ਼ੁਰੂ ਯੂਪੀਆਈ ਲਿੰਕ ਰੁਪਏ ਕ੍ਰੈਡਿਟ ਕਾਰਡ ਵੀ 27 ਹਜ਼ਾਰ ਤੋਂ ਵੱਧ ਜਾਰੀ ਕੀਤੇ ਜਾ ਚੁੱਕੇ ਹਨ। ਯੋਜਨਾ ਦੀ ਸ਼ੁਰੂਆਤ ਤੋਂ ਹੁਣ ਤੱਕ 78.68 ਲੱਖ ਸਟ੍ਰੀਟ ਵੈਂਡਰਾਂ ਨੂੰ 1.18 ਕਰੋੜ ਤੋਂ ਵੱਧ ਦੇ ਲੋਨ ਦਿੱਤੇ ਗਏ। 421 ਕਰੋੜ ਰੁਪਏ ਦੇ ਵਿਆਜ ‘ਤੇ ਸਬਸਿਡੀ ਅਤੇ ਡਿਜੀਟਲ ਲੈਣ-ਦੇਣ ਕਰਨ ਵਾਲਿਆਂ ਨੂੰ 418 ਕਰੋੜ ਰੁਪਏ ਦਾ ਕੈਸ਼ਬੈਕ ਵੀ ਦਿੱਤਾ ਗਿਆ ਹੈ।



## ਭਾਰਤ ਸਰਕਾਰ ਦੀ ਯੋਜਨਾ ਨਾਲ ਵਧੀ ਇਲੈਕਟ੍ਰੌਨਿਕ ਮੈਨੂਫੈਕਚਰਿੰਗ

ਭਾਰਤ ਸਰਕਾਰ ਨੇ ਇਲੈਕਟ੍ਰੌਨਿਕਸ ਕੰਪੋਨੈਂਟਸ ਮੈਨੂਫੈਕਚਰਿੰਗ ਸਕੀਮ (ਈਸੀਐੱਮਐੱਸ) ਦੇ ਤਹਿਤ 6,844 ਕਰੋੜ ਰੁਪਏ ਦੇ ਅਨੁਮਾਨਿਤ ਨਿਵੇਸ਼ ਵਾਲੇ 31 ਹੋਰ ਨਵੇਂ ਪ੍ਰਸਤਾਵਾਂ ਨੂੰ ਮਨਜ਼ੂਰੀ ਦਿੱਤੀ ਹੈ। ਇਸ ਨੂੰ ਮਿਲਾ ਕੇ ਹੁਣ ਤੱਕ 106 ਈਸੀਐੱਮਐੱਸ ਪ੍ਰੋਜੈਕਟਾਂ ਨੂੰ ਪ੍ਰਵਾਨਗੀ ਦਿੱਤੀ ਗਈ ਹੈ ਜਿਸ ਵਿੱਚ 69,548 ਕਰੋੜ ਰੁਪਏ ਦੇ ਨਿਵੇਸ਼ ਅਤੇ 75 ਹਜ਼ਾਰ ਪ੍ਰਤੱਖ ਰੁਜ਼ਗਾਰ ਪੈਦਾ ਹੋਣ ਦੀ ਸੰਭਾਵਨਾ ਹੈ। ਯੋਜਨਾ ਦੀ ਵਜ੍ਹਾ ਨਾਲ ਇਲੈਕਟ੍ਰੌਨਿਕਸ ਮੈਨੂਫੈਕਚਰਿੰਗ ਵਿੱਚ ਤੇਜ਼ੀ ਆਈ ਹੈ। ਹੁਣ ਤੱਕ 38 ਪਲਾਂਟ ਕਾਰਜਸ਼ੀਲ ਹੋ ਚੁੱਕੇ ਹਨ ਜਦਕਿ 16 ਦਾ ਨਿਰਮਾਣ ਕਾਰਜ ਆਖਰੀ ਪੜਾਅ ਵਿੱਚ ਹੈ। ਇਹ ਯੋਜਨਾ ਜ਼ਰੂਰੀ ਕੰਪੋਨੈਂਟਸ ਅਤੇ ਕੱਚੇ ਮਾਲ ਦੇ ਪਹਿਲੀ ਵਾਰ ਘਰੇਲੂ ਮੈਨੂਫੈਕਚਰਿੰਗ ਦੇ ਜ਼ਰੀਏ ‘ਸਵਦੇਸ਼ੀ’ ਵੈਲਿਊ ਚੇਨ ਨੂੰ ਹੁਲਾਰਾ ਦੇ ਰਹੀ ਹੈ। ਈਸੀਐੱਮਐੱਸ ਦੀ ਸਮਰੱਥਾ ਘਰੇਲੂ ਮੰਗ ਨੂੰ ਪੂਰਾ ਕਰਨ ਦੇ ਨਾਲ ਹੀ ਉਸ ਤੋਂ ਵੱਧ ਉਤਪਾਦਨ ਦੇ ਨਾਲ ਇਲੈਕਟ੍ਰੌਨਿਕਸ ਦੇ ਖੇਤਰ ਵਿੱਚ ਭਾਰਤ ਆਤਮਨਿਰਭਰਤਾ ਵੱਲ ਵਧ ਰਿਹਾ ਹੈ। ਅਸਲ ਵਿੱਚ, ਏਨੋਡ ਮਟੀਰੀਅਲ (110%), ਓਪਟੀਕਲ ਟ੍ਰਾਂਸੀਵਰ ਐੱਸਐੱਫਪੀ (350%) ਅਤੇ ਰਿਲੇ (200%) ਜਿਹੇ ਮਹੱਤਵਪੂਰਨ ਖੇਤਰਾਂ ਵਿੱਚ ਉਤਪਾਦਨ ਪਹਿਲਾਂ ਹੀ ਮੰਗ ਤੋਂ ਵੱਧ ਹੋ ਗਿਆ ਹੈ। ■



ਪ੍ਰਧਾਨ ਮੰਤਰੀ ਦੀ ਪ੍ਰਧਾਨਗੀ ਵਿੱਚ 53ਵੀਂ ਪ੍ਰਗਤੀ ਮੀਟਿੰਗ

# ਗੁਣਵੱਤਾ ਅਤੇ ਰਫ਼ਤਾਰ ਨਾਲ-ਨਾਲ

*ਸਰਗਰਮ ਸ਼ਾਸਨ ਅਤੇ ਸਮੇਂ 'ਤੇ ਕੰਮ ਪੂਰਾ ਕਰਨ ਦੇ ਲਈ ਬਣਾਏ ਗਏ ਆਈਸੀਟੀ-ਅਧਾਰਿਤ, ਮਲਟੀ-ਮਾਡਲ ਪਲੈਟਫਾਰਮ ਪ੍ਰੋ-ਐਕਟਿਵ ਗਵਰਨੈਂਸ ਐਂਡ ਟਾਇਮਲੀ ਇੰਪਲੀਮੈਂਟੇਸ਼ਨ-ਪ੍ਰਗਤੀ ਦੀ ਪ੍ਰਧਾਨ ਮੰਤਰੀ ਮੋਦੀ ਨਿਗਰਾਨੀ ਕਰਦੇ ਹਨ। ਇਸੇ ਕੜੀ ਵਿੱਚ ਉਨ੍ਹਾਂ ਨੇ 25 ਅਗਸਤ ਨੂੰ ਪ੍ਰਗਤੀ ਦੀ 53ਵੀਂ ਮੀਟਿੰਗ ਦੀ ਪ੍ਰਧਾਨਗੀ ਕੀਤੀ। ਮੀਟਿੰਗ ਵਿੱਚ ਉਨ੍ਹਾਂ ਨੇ ਰੇਲਵੇ, ਸੜਕ ਅਤੇ ਊਰਜਾ ਖੇਤਰਾਂ ਨਾਲ ਜੁੜੇ ਪ੍ਰਮੁੱਖ ਇਨਫ੍ਰਾਸਟ੍ਰਕਚਰ ਪ੍ਰੋਜੈਕਟਾਂ ਦੀ ਸਮੀਖਿਆ ਕੀਤੀ...*



ਇਨਫ੍ਰਾਸਟ੍ਰਕਚਰ ਪ੍ਰੋਜੈਕਟਾਂ ਵਿੱਚ ਦੇਰੀ ਨਾਲ ਸਿਰਫ਼ ਲਾਗਤ ਹੀ ਨਹੀਂ ਵਧਦੀ, ਸਗੋਂ ਨਾਗਰਿਕਾਂ, ਵਪਾਰਾਂ ਅਤੇ ਅਰਥਵਿਵਸਥਾ ਨੂੰ ਮਿਲਣ ਵਾਲੇ ਲਾਭ ਵਿੱਚ ਵੀ ਦੇਰੀ ਹੋ ਜਾਂਦੀ ਹੈ। ਸੇਵਾ ਤੀਰਥ ਵਿੱਚ ਆਯੋਜਿਤ ਮੀਟਿੰਗ ਦੌਰਾਨ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਕਿਹਾ ਕਿ ਇਨਫ੍ਰਾਸਟ੍ਰਕਚਰ ਪ੍ਰੋਜੈਕਟਾਂ ਨੂੰ ਵੱਖ-ਵੱਖ ਹਿੱਸਿਆਂ, ਟੁਕੜਿਆਂ ਜਾਂ ਪੈਕੇਜਾਂ ਦੀ ਥਾਂ ਇੱਕ ਏਕੀਕ੍ਰਿਤ ਇਕਾਈ ਦੇ ਤੌਰ 'ਤੇ ਦੇਖਿਆ ਜਾਣਾ ਚਾਹੀਦਾ ਹੈ। ਉਨ੍ਹਾਂ ਦੀ ਨਿਗਰਾਨੀ ਕੀਤੀ ਜਾਣੀ ਚਾਹੀਦੀ ਹੈ। ਵੱਖ-ਵੱਖ ਪੈਕੇਜਾਂ ਵਿੱਚ ਹੋ ਰਹੀ ਪ੍ਰਗਤੀ ਦਾ ਨਤੀਜਾ ਆਖਿਰ ਵਿੱਚ ਸੰਪੂਰਨ ਪ੍ਰੋਜੈਕਟ ਦੇ ਸਮੇਂ 'ਤੇ ਪੂਰਾ ਹੋਣ ਅਤੇ ਉਸ ਦੇ ਸ਼ੁਰੂ ਹੋਣ ਦੇ ਰੂਪ ਵਿੱਚ ਨਿਕਲਣਾ ਚਾਹੀਦਾ ਹੈ। ਇਸ ਲਈ ਮੰਤਰਾਲਿਆਂ ਅਤੇ ਰਾਜਾਂ ਨੂੰ ਕਿਹਾ ਗਿਆ ਕਿ ਉਹ ਕੰਮ ਨੂੰ ਸ਼ੁਰੂ ਤੋਂ ਲੈ ਕੇ ਆਖਿਰ ਤੱਕ ਪੂਰਾ ਕਰਨਾ ਦਾ ਨਜ਼ਰੀਆ ਅਪਣਾਉਣ ਅਤੇ ਉਨ੍ਹਾਂ ਕਮੀਆਂ ਨੂੰ ਦੂਰ ਕਰਨ, ਜਿਨ੍ਹਾਂ ਨਾਲ ਪੂਰੇ ਪ੍ਰੋਜੈਕਟ ਦੇ ਸ਼ੁਰੂ ਹੋਣ ਅਤੇ ਫਾਇਦੇ ਮਿਲਣ ਵਿੱਚ ਦੇਰੀ ਹੋ ਸਕਦੀ ਹੈ। ਉਨ੍ਹਾਂ ਨੇ ਮੰਤਰਾਲਿਆਂ ਅਤੇ ਰਾਜ ਸਰਕਾਰਾਂ ਵਿੱਚ ਸਰਗਰਮ ਕਾਰਜ-ਸੱਭਿਆਚਾਰ ਨੂੰ ਹੁਲਾਰਾ ਦੇਣ ਅਤੇ ਪ੍ਰੋਜੈਕਟਾਂ ਨੂੰ ਲਾਗੂ ਕਰਨ ਦੇ ਲਈ ਹਰ ਪੱਧਰ 'ਤੇ ਜ਼ਿੰਮੇਦਾਰੀ ਲੈਣ ਦੀ ਤਾਕੀਦ ਕੀਤੀ।



## ਕੰਮ ਤੇਜ਼ੀ ਨਾਲ ਪੂਰਾ ਕਰਨ 'ਤੇ ਵਿਸ਼ੇਸ਼ ਜ਼ੋਰ

ਪੀਐੱਮ ਮੋਦੀ ਨੇ ਸੰਪਰਕ ਨੂੰ ਮਜ਼ਬੂਤ ਕਰਨ, ਉਦਯੋਗਿਕ ਅਤੇ ਆਰਥਿਕ ਗਤੀਵਿਧੀਆਂ ਨੂੰ ਹੁਲਾਰਾ ਦੇਣ ਅਤੇ ਜਨਤਕ ਸੇਵਾਵਾਂ ਵਿੱਚ ਸੁਧਾਰ ਦੇ ਲਈ ਮਹੱਤਵਪੂਰਨ ਪ੍ਰੋਜੈਕਟਾਂ ਦੀ ਸਮੀਖਿਆ ਕਰਦੇ ਸਮੇਂ ਸਮਾਂ-ਸੀਮਾ ਦਾ ਪਾਲਣ, ਵੱਖ-ਵੱਖ ਏਜੰਸੀਆਂ ਦਰਮਿਆਨ ਤਾਲਮੇਲ, ਲੰਬਿਤ ਮੁੱਦਿਆਂ ਦੇ ਹੱਲ ਅਤੇ ਕੰਮ ਨੂੰ ਤੇਜ਼ੀ ਨਾਲ ਪੂਰਾ ਕਰਨ 'ਤੇ ਵਿਸ਼ੇਸ਼ ਜ਼ੋਰ ਦਿੱਤਾ।

**ਪ੍ਰੋਜੈਕਟ 9 ਰਾਜਾਂ ਵਿੱਚ ਫੈਲੇ ਹੋਏ ਹਨ ਅਤੇ ਇਨ੍ਹਾਂ ਦੀ ਕੁੱਲ ਲਾਗਤ**

**30,000**

**ਕਰੋੜ ਰੁਪਏ ਤੋਂ ਵੱਧ ਹੈ।**



**ਪ੍ਰਗਤੀ ਦੀਆਂ 53 ਮੀਟਿੰਗਾਂ ਵਿੱਚ ਪ੍ਰਧਾਨ ਮੰਤਰੀ ਮੋਦੀ ਨੇ ਲਗਭਗ 86 ਲੱਖ ਕਰੋੜ ਰੁਪਏ ਦੇ ਪ੍ਰੋਜੈਕਟਾਂ ਦੀ ਸਮੀਖਿਆ ਕਰਕੇ ਉਨ੍ਹਾਂ ਦੀਆਂ ਰੁਕਾਵਟਾਂ ਦੂਰ ਕੀਤੀਆਂ।**

## ਏਆਈ ਜਿਹੀਆਂ ਨਵੀਆਂ ਡਿਜੀਟਲ ਤਕਨੀਕਾਂ ਦੀ ਵਰਤੋਂ 'ਤੇ ਜ਼ੋਰ

ਡਿਜੀਟਲ ਖੇਤੀਬਾੜੀ ਮਿਸ਼ਨ ਦੇ ਤਹਿਤ ਐਗ੍ਰੀਸਟੈਕ ਦੀ ਸਮੀਖਿਆ ਕਰਦੇ ਹੋਏ, ਪ੍ਰਧਾਨ ਮੰਤਰੀ ਨੇ ਖੇਤੀਬਾੜੀ ਡੇਟਾ ਤੋਂ ਵੱਧ ਫਾਇਦਾ ਲੈਣ ਦੇ ਲਈ ਏਆਈ ਜਿਹੀਆਂ ਨਵੀਆਂ ਡਿਜੀਟਲ ਤਕਨੀਕਾਂ ਦਾ ਇਸਤੇਮਾਲ ਕਰਨ ਦੀ ਜ਼ਰੂਰਤ ਦੱਸਿਆ। ਉਨ੍ਹਾਂ ਨੇ ਕਿਹਾ ਕਿ ਇਨਪੁਟ ਪਲਾਨਿੰਗ ਤੋਂ ਲੈ ਕੇ ਪ੍ਰੋਸੈੱਸਿੰਗ ਤੱਕ, ਪੂਰੀ ਖੇਤੀਬਾੜੀ ਵੈਲਿਊ ਚੇਨ ਵਿੱਚ ਡੇਟਾ ਈਕੋਸਿਸਟਮ ਦੀ ਅਸਰਦਾਰ ਢੰਗ ਨਾਲ ਵਰਤੋਂ ਕੀਤੀ ਜਾਣੀ ਚਾਹੀਦੀ ਹੈ, ਤਾਂ ਜੋ ਬਿਹਤਰ ਜਾਣਕਾਰੀ ਦੇ ਅਧਾਰ 'ਤੇ ਕਦਮ ਚੁੱਕੇ ਜਾ ਸਕਣ। ਡੇਟਾ ਦੇ ਅਧਾਰ 'ਤੇ ਫੈਸਲੇ ਲਏ ਜਾ ਸਕਣ ਅਤੇ ਸਹੀ ਲੋਕਾਂ ਤੱਕ ਮਦਦ ਪਹੁੰਚਾਈ ਜਾ ਸਕੇ। ਉਨ੍ਹਾਂ ਨੇ ਐਗ੍ਰੀਸਟੈਕ ਵਿਵਸਥਾ ਬਣਾਉਣ ਵਿੱਚ ਰਾਜਾਂ ਅਤੇ ਕੇਂਦਰ ਸਰਕਾਰ ਦੀਆਂ ਕੋਸ਼ਿਸ਼ਾਂ ਦੀ ਤਾਰੀਫ ਕਰਨ ਦੇ ਨਾਲ ਹੀ ਕਿਸਾਨਾਂ ਦੇ ਲਈ ਬਿਹਤਰ ਨਤੀਜੇ ਪ੍ਰਾਪਤ ਕਰਨ ਲਈ ਇਸ ਦੀ ਵਰਤੋਂ ਨੂੰ ਹੋਰ ਮਜ਼ਬੂਤ ਕਰਨ ਦੀ ਤਾਕੀਦ ਕੀਤੀ।

ਸਾਈਬਰ ਧੋਖਾਧੜੀ ਦੇ ਮਾਮਲਿਆਂ ਦੀ ਸਮੀਖਿਆ ਦੌਰਾਨ ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਟ੍ਰੇਨਿੰਗ, ਜਾਗਰੂਕਤਾ ਅਤੇ ਸਿੱਖਿਆ 'ਤੇ ਲਗਾਤਾਰ ਧਿਆਨ ਦੇ ਕੇ ਅਜਿਹੇ ਮਾਮਲਿਆਂ ਦੀ ਰੋਕਥਾਮ ਨੂੰ ਮਜ਼ਬੂਤ ਕੀਤਾ ਜਾਣਾ ਚਾਹੀਦਾ ਹੈ। ਸਾਈਬਰ ਧੋਖਾਧੜੀ ਦੇ ਮਾਮਲਿਆਂ ਦੀ ਸਮੀਖਿਆ ਵਿੱਚ ਡਿਜੀਟਲ ਅਰੈਸਟ ਦੀਆਂ ਘਟਨਾਵਾਂ ਸ਼ਾਮਲ ਸਨ। ਉਨ੍ਹਾਂ ਨੇ ਲਗਾਤਾਰ ਅਤੇ ਖਾਸ ਤੌਰ 'ਤੇ ਬਜ਼ੁਰਗਾਂ, ਨੌਜਵਾਨਾਂ ਅਤੇ ਕਮਜ਼ੋਰ ਵਰਗਾਂ ਦੇ ਲਈ ਜਾਗਰੂਕਤਾ ਅਭਿਆਨ ਚਲਾਉਣ ਦੀ ਜ਼ਰੂਰਤ 'ਤੇ ਜ਼ੋਰ ਦਿੱਤਾ। ਉਨ੍ਹਾਂ ਨੇ ਕਿਹਾ ਕਿ ਅਜਿਹੇ ਲੋਕਾਂ ਨੂੰ ਧੋਖਾਧੜੀ ਦੇ ਤਰੀਕਿਆਂ, ਚੇਤਾਵਨੀ ਦੇ ਸੰਕੇਤਾਂ ਅਤੇ ਸੁਰੱਖਿਅਤ ਡਿਜੀਟਲ ਤੌਰ-ਤਰੀਕਿਆਂ ਬਾਰੇ ਜਾਣਕਾਰੀ ਇਨ੍ਹਾਂ ਅਭਿਆਨਾਂ ਵਿੱਚ ਦਿੱਤੀ ਜਾਵੇ। ਉਨ੍ਹਾਂ ਨੇ ਇਸ ਨਾਲ ਜੁੜੇ ਕਰਮਚਾਰੀਆਂ ਦੀ ਸਮਰੱਥਾ ਵਧਾਉਣ ਦੇ ਲਈ ਨਿਯਮਿਤ ਟ੍ਰੇਨਿੰਗ ਦੀ ਵੀ ਗੱਲ ਕੀਤੀ, ਤਾਂ ਜੋ ਸਾਈਬਰ ਧੋਖਾਧੜੀ ਦੇ ਨਵੇਂ ਤਰੀਕਿਆਂ ਦੀ ਪਛਾਣ ਕੀਤੀ ਜਾ ਸਕੇ।

> *ਕੰਮ ਨੂੰ ਤੇਜ਼ੀ ਨਾਲ ਪੂਰਾ ਕਰਨ ਦੇ ਨਾਲ-ਨਾਲ ਉਸ ਦੀ ਗੁਣਵੱਤਾ ਨਾਲ ਕੋਈ ਸਮਝੌਤਾ ਨਹੀਂ ਕੀਤਾ ਜਾਣਾ ਚਾਹੀਦਾ ਹੈ।*
>
> **– ਨਰੇਂਦਰ ਮੋਦੀ, ਪ੍ਰਧਾਨ ਮੰਤਰੀ**



# ਕਤਾਰ ਤੋਂ ਕਿਊਆਰ ਕੋਡ ਤੱਕ

## ਨਵੇਂ ਭਾਰਤ ਦੀ ਯੂਪੀਆਈ ਭੁਗਤਾਨ ਕ੍ਰਾਂਤੀ



*ਬਟੂਏ ਤੋਂ ਨਿਕਲਦੇ ਨੋਟ, ਗੁੱਲਕ ਵਿੱਚ ਗਿਣ ਕੇ ਰੱਖੇ ਗਏ ਸਿੱਕੇ ਅਤੇ ਏਟੀਐੱਮ ਦੀ ਕਤਾਰ-ਇਹ ਸਭ ਹੁਣ ਸਿਰਫ਼ ਭਾਰਤ ਦੀ ਇੱਕ ਪੁਰਾਣੀ ਯਾਦ ਰਹਿ ਗਏ ਹਨ। ਇੱਕ ਕਿਊਆਰ ਕੋਡ, ਇੱਕ ਸਕੈਨ ਅਤੇ ਕੁਝ ਸਕਿੰਟ- ਅੱਜ ਦੇਸ਼ ਦੇ ਲੈਣ ਦੇਣ ਦੀ ਇਹੋ ਨਵੀਂ ਭਾਸ਼ਾ ਹੈ। ਦਸ ਵਰ੍ਹੇ ਪਹਿਲਾਂ 25 ਅਗਸਤ ਨੂੰ ਇੱਕ ਪਰਿਵਰਤਨਸ਼ੀਲ ਸ਼ੁਰੂਆਤ ਹੋਈ ਸੀ ਜੋ ਅੱਜ ਦੁਨੀਆ ਦੀ ਸਭ ਤੋਂ ਵੱਡੀ ਰੀਅਲ- ਟਾਈਮ ਭੁਗਤਾਨ ਪ੍ਰਣਾਲੀ ਬਣ ਕੇ ਭਾਰਤ ਦੀ ਪਛਾਣ ਬਣ ਚੁੱਕੀ ਹੈ। ਇਹ ਕਹਾਣੀ ਹੈ ਉਸ ਤਬਦੀਲੀ ਦੀ, ਜਿਸ ਨੇ ਰੇਹੜੀ-ਪਟੜੀ ਵਾਲਿਆਂ ਤੋਂ ਲੈ ਕੇ ਵੱਡੇ ਵਪਾਰੀ ਤੱਕ, ਦੇਸ਼ ਤੋਂ ਲੈ ਕੇ ਵਿਦੇਸ਼ ਤੱਕ, ਲੋਕਾਂ ਦੇ ਜੀਵਨ ਨੂੰ ਬਣਾਇਆ ਸਰਲ...*

ਮੁਜ਼ੱਫਰਪੁਰ ਦੀ ਰਾਜਕੁਮਾਰੀ ਦੇਵੀ ਨੂੰ 'ਸਾਈਕਲ ਚਾਚੀ' ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਉਹ ਆਚਾਰ ਬਣਾਉਣ ਦਾ ਕੰਮ ਕਰਦੇ ਹਨ ਅਤੇ ਸਾਈਕਲ 'ਤੇ ਉਸ ਨੂੰ ਵੇਚਣ ਨਿਕਲ ਪੈਂਦੇ ਹਨ। ਉਹ ਦੱਸਦੇ ਹਨ ਕਿ ਕਿਵੇਂ ਲੋਕ 40-50 ਰੁਪਏ ਘੱਟ ਦਿੰਦੇ ਸਨ, ਦਾਅਵਾ ਕਰਦੇ ਸਨ ਕਿ ਬਾਅਦ ਵਿੱਚ ਦੇ ਦੇਣਗੇ ਪਰ ਭੁੱਲ ਜਾਂਦੇ ਸੀ। ਉਹ ਕਹਿੰਦੇ ਹਨ ਕਿ ਸਾਨੂੰ ਮੁਨਾਫਾ ਹੀ ਨਹੀਂ ਹੁੰਦਾ ਸੀ ਪਰ ਹੁਣ ਯੂਪੀਆਈ ਦੇ ਆਉਣ ਨਾਲ ਅਜਿਹਾ ਨਹੀਂ ਹੁੰਦਾ ਹੈ। ਜਦੋਂ ਤੋਂ ਯੂਪੀਆਈ ਦੁਆਰਾ ਪੈਸਾ ਲੈਣਾ ਸ਼ੁਰੂ ਕੀਤਾ ਕਾਰੋਬਾਰ ਵਿੱਚ ਹੋਰ ਵਾਧਾ ਹੋਇਆ ਹੈ। ਯੂਪੀਆਈ ਨੇ ਉਨ੍ਹਾਂ ਦੇ ਕਾਰੋਬਾਰ ਨੂੰ ਨਾ ਸਿਰਫ਼ ਨਵੀਂ ਰਫ਼ਤਾਰ ਦਿੱਤੀ ਸਗੋਂ ਸਹਿਜ ਡਿਜੀਟਲ ਭੁਗਤਾਨ ਨੇ ਹਰ ਲੈਣ-ਦੇਣ ਨੂੰ ਅਸਾਨ, ਤੇਜ਼ ਅਤੇ ਸੁਰੱਖਿਅਤ ਬਣਾਇਆ ਹੈ।

ਇੱਕ ਹੋਰ ਮਹਿਲਾ ਜਿਸ ਨੂੰ ਬੈਂਕ ਤੋਂ ਰੁਪਏ ਕੱਢਣ ਵਿੱਚ ਪਰੇਸ਼ਾਨੀ ਦਾ ਸਾਹਮਣਾ ਕਰਨਾ ਪੈਂਦਾ ਸੀ ਹੁਣ ਯੂਪੀਆਈ ਦੇ ਆਉਣ ਨਾਲ ਕਾਫੀ ਖੁਸ਼ ਹਨ। ਉਹ ਦੱਸਦੇ ਹਨ ਕਿ ਪਹਿਲਾਂ ਸਾਨੂੰ ਦੋ-ਦੋ ਘੰਟੇ ਰੁਪਏ ਕੱਢਣ ਦੇ ਲਈ ਲਾਈਨ ਵਿੱਚ ਖੜ੍ਹੇ ਰਹਿਣਾ ਪੈਂਦਾ ਸੀ। ਕਈ ਵਾਰ ਤਾਂ ਅਜਿਹਾ ਹੋਇਆ ਹੈ ਕਿ ਅਸੀਂ ਬਿਨਾ ਪੈਸੇ ਕੱਢੇ ਵਾਪਸ ਆ ਜਾਂਦੇ ਸੀ। ਹੁਣ ਯੂਪੀਆਈ ਦੇ ਆਉਣ ਤੋਂ ਬਾਅਦ ਅਸੀਂ ਅਸਾਨੀ ਨਾਲ ਘਰ ਬੈਠੇ ਹੀ ਲੈਣ-ਦੇਣ ਕਰ ਸਕਦੇ ਹਾਂ।

ਇਹ ਕਹਾਣੀ ਸਿਰਫ਼ ਮੁਜ਼ੱਫਰਪੁਰ ਦੀ ਰਾਜਕੁਮਾਰੀ ਦੇਵੀ ਦੀ ਨਹੀਂ ਹੈ ਸਗੋਂ ਦੇਸ਼ ਵਿੱਚ ਅਜਿਹੇ ਲੱਖਾਂ ਰੇਹੜੀ-ਪਟੜੀ ਵਾਲੇ ਜਾਂ ਛੋਟੇ ਕਾਰੋਬਾਰੀਆਂ ਦੀ ਹੈ, ਜਿਨ੍ਹਾਂ ਦੀ ਦੁਕਾਨ ਦਾ ਕਾਉਂਟਰ ਅੱਜ ਇੱਕ ਕਿਊਆਰ ਕੋਡ ਨਾਲ ਸਜ ਚੁੱਕਿਆ ਹੈ। ਇਹੋ ਉਹ ਜ਼ਮੀਨੀ ਸੱਚਾਈ ਹੈ, ਜੋ ਦਰਸਾਉਂਦੀ ਹੈ ਕਿ ਯੂਪੀਆਈ ਸਿਰਫ਼ ਇੱਕ ਤਕਨੀਕ ਨਹੀਂ, ਸਗੋਂ ਕਰੋੜਾਂ ਭਾਰਤੀਆਂ ਦੇ ਆਤਮ-ਸਨਮਾਨ ਅਤੇ ਆਤਮ-ਨਿਰਭਰਤਾ ਦੀ ਕਹਾਣੀ ਹੈ।

ਯੂਪੀਆਈ ਦੇ 10 ਵਰ੍ਹੇ ਪੂਰੇ ਹੋਣ 'ਤੇ ਪ੍ਰਧਾਨ ਮੰਤਰੀ ਨੇ ਆਪਣੇ ਤਜ਼ਰਬੇ ਸਾਂਝੇ ਕੀਤੇ। ਉਨ੍ਹਾਂ ਨੇ ਕਿਹਾ ਕਿ ਪਿਛਲੇ ਦਸ ਵਰ੍ਹਿਆਂ ਵਿੱਚ ਯੂਪੀਆਈ ਨੇ ਦੇਸ਼ ਦੇ ਕੋਨੇ-ਕੋਨੇ ਤੱਕ ਆਪਣੀ ਵਿਆਪਕ ਪਹੁੰਚ ਬਣਾਉਂਦੇ ਹੋਏ ਡਿਜੀਟਲ ਭੁਗਤਾਨ ਨੂੰ ਆਮ ਨਾਗਰਿਕਾਂ ਦੇ ਰੋਜ਼ਾਨਾ ਜੀਵਨ ਦਾ ਅਨਿੱਖੜਵਾਂ ਅੰਗ ਬਣਾ ਦਿੱਤਾ ਹੈ। ਯੂਪੀਆਈ ਦੀ ਗੌਰਵਸ਼ਾਲੀ ਯਾਤਰਾ ਨੂੰ ਰੇਖਾਂਕਿਤ ਕਰਦੇ ਹੋਏ ਕਿਹਾ ਕਿ ਇਸ ਦੀਆਂ ਪ੍ਰਾਪਤੀਆਂ 'ਤੇ ਹਰ ਭਾਰਤੀ ਮਾਣ ਕਰ ਸਕਦਾ ਹੈ।

ਵਰ੍ਹੇ 2016 ਵਿੱਚ ਭਾਰਤੀ ਰਾਸ਼ਟਰੀ ਭੁਗਤਾਨ ਨਿਗਮ (ਐੱਨਪੀਸੀਆਈ) ਨੇ 'ਯੂਨੀਫਾਈਡ ਪੇਮੈਂਟਸ ਇੰਟਰਫੇਸ' (ਯੂਪੀਆਈ) ਦੀ ਸ਼ੁਰੂਆਤ ਕੀਤੀ, ਜਿਸ ਨੇ ਭਾਰਤ ਵਿੱਚ ਪੈਸਿਆਂ ਦੇ ਲੈਣ-ਦੇਣ ਨੂੰ ਬਹੁਤ ਅਸਾਨ ਬਣਾ ਦਿੱਤਾ। ਇਸ ਦੇ ਜ਼ਰੀਏ ਬਿਨਾ ਖਾਤਾ ਨੰਬਰ ਜਾਂ ਆਈਐੱਫਐੱਸਸੀ ਕੋਡ ਸਾਂਝੇ ਕੀਤੇ, ਸਿਰਫ਼

# ਯੂਪੀਆਈ ਦਾ ਪਰਿਵਰਤਨਸ਼ੀਲ ਦਹਾਕਾ

- ਵਿੱਤੀ ਵਰ੍ਹੇ 2016-17 ਵਿੱਚ ਯੂਪੀਆਈ ਦੇ ਜ਼ਰੀਏ ਲਗਭਗ ਦੋ ਕਰੋੜ ਲੈਣ-ਦੇਣ ਹੋਏ ਸਨ ਅਤੇ ਉਨ੍ਹਾਂ ਦਾ ਕੁੱਲ ਮੁੱਲ ਮੁਸ਼ਕਲ ਨਾਲ ਸੱਤ ਹਜ਼ਾਰ ਕਰੋੜ ਰੁਪਏ ਦੇ ਨੇੜੇ-ਤੇੜੇ ਸੀ। ਦਸ ਵਰ੍ਹਿਆਂ ਬਾਅਦ ਤਸਵੀਰ ਪੂਰੀ ਤਰ੍ਹਾਂ ਨਾਲ ਬਦਲ ਚੁੱਕੀ ਹੈ। ਵਿੱਤੀ ਵਰ੍ਹੇ 2025-26 ਵਿੱਚ ਯੂਪੀਆਈ ਮੰਚ 'ਤੇ 24 ਹਜ਼ਾਰ ਕਰੋੜ ਤੋਂ ਵੱਧ ਲੈਣ-ਦੇਣ ਦਰਜ ਹੋਏ, ਜਿਨ੍ਹਾਂ ਦੀ ਕੁੱਲ ਕੀਮਤ 314.23 ਲੱਖ ਕਰੋੜ ਰੁਪਏ ਤੋਂ ਵੱਧ ਰਹੀ। ਯਾਨੀ ਲੈਣ-ਦੇਣ ਦੀ ਗਿਣਤੀ ਵਿੱਚ ਲਗਭਗ ਬਾਰ੍ਹਾਂ ਹਜ਼ਾਰ ਗੁਣਾ ਅਤੇ ਕੀਮਤ ਵਿੱਚ ਚਾਰ ਹਜ਼ਾਰ ਗੁਣਾ ਤੋਂ ਵੱਧ ਦੀ ਛਲਾਂਗ।

- ਸੰਸਦ ਵਿੱਚ ਹਾਲ ਹੀ ਵਿੱਚ ਪੇਸ਼ ਕੀਤੇ ਗਏ ਸਰਕਾਰੀ ਅੰਕੜਿਆਂ ਦੇ ਮੁਤਾਬਕ ਜੂਨ 2026 ਤੱਕ ਯੂਪੀਆਈ ਮੰਚ 55.5 ਕਰੋੜ ਵਿਅਕਤੀਆਂ ਅਤੇ 6.5 ਕਰੋੜ ਵਪਾਰੀਆਂ ਨੂੰ ਸੇਵਾ ਦਿੰਦਾ ਹੈ। 740 ਤੋਂ ਵੱਧ ਬੈਂਕ ਜਿਨ੍ਹਾਂ ਵਿੱਚ ਸਹਿਕਾਰੀ, ਸਾਰੇ ਇਸ ਇੱਕ ਮੰਚ 'ਤੇ ਆਪਸ ਵਿੱਚ ਜੁੜੇ ਹੋਏ ਹਨ। ਇਹੋ ਉਹ ਇੰਟਰ ਓਪ੍ਰੇਬਿਲਿਟੀ ਹੈ ਜਿਸ ਦੀ ਸ਼ਲਾਘਾ ਕਰਦੇ ਹੋਏ ਆਈਐੱਮਐੱਫ ਦੇ ਮਾਹਿਰ ਨਹੀਂ ਥੱਕਦੇ। ਕਿਸੇ ਇੱਕ ਐਪ ਜਾਂ ਬੈਂਕ ਤੱਕ ਸੀਮਤ ਨਾ ਰਹਿ ਕੇ, ਹਰ ਪ੍ਰਣਾਲੀ ਨੂੰ ਹਰ ਦੂਜੀ ਪ੍ਰਣਾਲੀ ਨਾਲ ਜੋੜ ਦੇਣ ਦੀ ਸੋਚ ਇਸ ਵਿੱਚ ਸ਼ਾਮਲ ਹੈ।

## ਪਿਛਲੇ ਪੰਜ ਵਿੱਤੀ ਵਰ੍ਹਿਆਂ ਵਿੱਚ ਯੂਪੀਆਈ ਲੈਣ-ਦੇਣ ਦੀ ਰਫ਼ਤਾਰ-ਮਾਤਰਾ ਅਤੇ ਕੀਮਤ, ਦੋਵਾਂ ਵਿੱਚ ਲਗਾਤਾਰ ਤੇਜ਼ੀ

| ਵਿੱਤੀ ਵਰ੍ਹੇ | ਲੈਣ ਦੇਣ (ਕਰੋੜ ਵਿੱਚ) | ਵੈਲਿਊ (ਲੱਖ ਕਰੋੜ ਰੁਪਏ ਵਿੱਚ) |
|---|---|---|
| 2021-22 | 4,595.61 | 84.16 |
| 2022-23 | 8,371.44 | 139.15 |
| 2023-24 | 13,112.95 | 199.95 |
| 2024-25 | 18,586.60 | 260.56 |
| 2025-26 | 24,161.69 | 314.23 |

ਮਹੀਨਾਵਾਰ ਰਿਕਾਰਡ : ਮਾਰਚ 2026 ਵਿੱਚ ਇੱਕ ਹੀ ਮਹੀਨੇ ਵਿੱਚ 2,264 ਕਰੋੜ ਲੈਣ-ਦੇਣ ਦਰਜ ਹੋਏ, ਜਿਨ੍ਹਾਂ ਦੀ ਕੀਮਤ 29.53 ਲੱਖ ਕਰੋੜ ਰੁਪਏ ਰਹੀ।

ਸਰੋਤ : ਵਿੱਤ ਮੰਤਰਾਲੇ, ਲੋਕ ਸਭਾ ਵਿੱਚ ਪੇਸ਼ ਅੰਕੜੇ (ਜੂਨ, 2026)




ਇੱਕ ਮੋਬਾਈਲ ਨੰਬਰ, ਯੂਪੀਆਈ ਆਈਡੀ ਅਤੇ ਸੁਰੱਖਿਅਤ ਪਿਨ ਦੀ ਮਦਦ ਨਾਲ ਤੁਰੰਤ ਪੈਸੇ ਭੇਜੇ ਜਾ ਸਕਦੇ ਹਨ। 24×7 ਕੰਮ ਕਰਨ ਵਾਲੀ ਇਹ ਪ੍ਰਣਾਲੀ ਵੱਖ-ਵੱਖ ਬੈਂਕਾਂ ਅਤੇ ਐਪ ਦੇ ਦਰਮਿਆਨ ਰੀਅਲ-ਟਾਈਮ ਵਿੱਚ ਕੰਮ ਕਰਦੀ ਹੈ। ਸਾਰੇ ਬੈਂਕਾਂ ਦਰਮਿਆਨ ਆਪਸੀ ਤਾਲਮੇਲ ਅਤੇ ਘੱਟ ਲਾਗਤ ਕਾਰਨ ਇਸ ਦਾ ਵਿਸਥਾਰ ਤੇਜ਼ੀ ਨਾਲ ਹੋਇਆ ਹੈ। ਅਪ੍ਰੈਲ 2016 ਵਿੱਚ ਜਿੱਥੋਂ ਇਸ ਨਾਲ 21 ਬੈਂਕ ਜੁੜੇ ਹੋਏ ਸਨ, ਜਦਕਿ ਅਗਸਤ 2026 ਤੱਕ ਇਹ ਗਿਣਤੀ ਵਧ ਕੇ 741 ਹੋ ਗਈ ਹੈ। ਯੂਪੀਆਈ ਨੇ ਸਿਰਫ਼ ਭੁਗਤਾਨ ਨੂੰ ਹੀ ਅਸਾਨ ਨਹੀਂ ਬਣਾਇਆ, ਸਗੋਂ ਵਿੱਤੀ ਸਮਾਵੇਸ਼ ਨੂੰ ਵੀ ਨਵੀਂ ਦਿਸ਼ਾ ਦਿੱਤੀ ਹੈ। ਨਕਦੀ 'ਤੇ ਨਿਰਭਰਤਾ ਵਿੱਚ ਕਮੀ ਆਈ। ਤੁਰੰਤ ਲੈਣ-ਦੇਣ ਨੇ ਨਕਦੀ ਦੀ ਜ਼ਰੂਰਤ ਨੂੰ ਘਟਾਇਆ ਅਤੇ ਪਾਰਦਰਸ਼ਿਤਾ ਵਧਾਈ ਹੈ। ਯੂਪੀਆਈ ਦੀ ਅੰਤਿਮ ਸਿਰ੍ਹੇ ਤੱਕ ਪਹੁੰਚ ਨੇ ਜੀਵਨ ਨੂੰ ਬਹੁਤ ਅਸਾਨ ਬਣਾ ਦਿੱਤਾ ਹੈ।



**55.49+**
**ਕਰੋੜ ਲੋਕ**
**6.5**
**ਕਰੋੜ ਵਪਾਰੀ**
**ਹਨ ਉਪਭੋਗਤਾ (ਜੂਨ 2026)**

**741**
**ਜੁੜੇ ਹੋਏ ਬੈਂਕ**

**85%**
**ਭਾਰਤ ਦੇ ਡਿਜੀਟਲ ਭੁਗਤਾਨ ਵਿੱਚ ਹਿੱਸੇਦਾਰੀ**

**50%**
**ਦੁਨੀਆ ਦੀਆਂ ਰੀਅਲ ਟਾਈਮ ਪੇਮੈਂਟਸ ਵਿੱਚ ਯੂਪੀਆਈ ਦੀ ਭਾਗੀਦਾਰੀ**

## ਯੂਪੀਆਈ : ਇੱਕ ਦਹਾਕੇ ਦੇ ਮੀਲ ਪੱਥਰ

| | |
|---|---|
| 2016 | 11 ਅਪ੍ਰੈਲ ਨੂੰ ਮੁੰਬਈ ਵਿੱਚ ਤਤਕਾਲੀ ਆਰਬੀਆਈ ਗਵਰਨਰ ਦੁਆਰਾ ਯੂਪੀਆਈ ਦਾ ਪਾਇਲਟ ਪ੍ਰੋਜੈਕਟ ਲਾਂਚ। |
| 2016-17 | 25 ਅਗਸਤ 2016 ਨੂੰ ਯੂਪੀਆਈ ਆਮ ਲੋਕਾਂ ਲਈ ਸ਼ੁਰੂ। ਪਹਿਲੇ ਵਰ੍ਹੇ ਵਿੱਚ ਹੋਇਆ ਲਗਭਗ ਦੋ ਕਰੋੜ ਦਾ ਲੈਣ-ਦੇਣ। |
| 2019 | ਪੀਐੱਮ ਸਵਨਿਧੀ ਯੋਜਨਾ ਨਾਲ ਰੇਹੜੀ-ਪਟੜੀ ਵਾਲਿਆਂ ਨੂੰ ਫੌਰਮਲ ਕ੍ਰੈਡਿਟ ਅਤੇ ਡਿਜੀਟਲ ਭੁਗਤਾਨ ਨਾਲ ਜੋੜਨ ਦੀ ਪਹਿਲ ਤੇਜ਼ ਹੋਈ। |
| 2021-22 | ਸਲਾਨਾ ਲੈਣ ਦੇਣ ਸਾਢੇ ਚਾਰ ਹਜ਼ਾਰ ਕਰੋੜ ਦੇ ਪਾਰ, ਯੂਪੀਆਈ ਸ਼ਹਿਰਾਂ ਤੋਂ ਨਿਕਲ ਕੇ ਪਿੰਡਾਂ ਤੱਕ ਪਹੁੰਚਿਆ। |
| 2023 | ਫਰਾਂਸ ਵਿੱਚ ਐਫਿਲ ਟਾਵਰ ਸਮੇਤ ਕਈ ਥਾਵਾਂ ‘ਤੇ ਯੂਪੀਆਈ ਭੁਗਤਾਨ ਸੁਵਿਧਾ ਸ਼ੁਰੂ। |
| 2025 | ਅਗਸਤ ਵਿੱਚ ਮਹੀਨਾਵਾਰ ਲੈਣ ਦੇਣ ਪਹਿਲੀ ਵਾਰ ਦੋ ਹਜ਼ਾਰ ਕਰੋੜ ਦੇ ਪਾਰ, ਆਈਐੱਮਐੱਫ ਨੇ ਯੂਪੀਆਈ ਨੂੰ ਆਲਮੀ ਮਿਸਾਲ ਦੱਸਿਆ। |
| 2025-26 | ਸਲਾਨਾ ਲੈਣ ਦੇਣ 24 ਹਜ਼ਾਰ ਕਰੋੜ ਦੇ ਪਾਰ, ਵੈਲਿਊ 314 ਲੱਖ ਕਰੋੜ ਰੁਪਏ ਤੋਂ ਵੱਧ। |
| 2026 | ਸੰਸਦ ਨੇ ਭੁਗਤਾਨ ਅਤੇ ਨਿਪਟਾਰਾ ਪ੍ਰਣਾਲੀ ਐਕਟ ਵਿੱਚ ਸੋਧ ਪਾਸ ਕੀਤੀ, ਉਪਭੋਗਤਾਵਾਂ ਦੇ ਲਈ ਯੂਪੀਆਈ ਮੁਫ਼ਤ ਬਣਿਆ ਰਹੇਗਾ। |

ਆਟੋ ਚਾਲਕ, ਰੇਹੜੀ- ਪਟੜੀ ਵਾਲੇ, ਪੇਂਡੂ ਮੰਡੀਆਂ ਦੇ ਕਿਸਾਨ ਅਤੇ ਘਰੇਲੂ ਕਾਮੇ ਹੁਣ ਅਸਾਨੀ ਨਾਲ ਕਿਊਆਰ ਕੋਡ ਅਤੇ ਸਮਾਰਟ ਫੋਨ ਰਾਹੀਂ ਲੈਣ ਦੇਣ ਕਰ ਰਹੇ ਹਨ, ਜਿਸ ਨਾਲ ਸ਼ਹਿਰੀ-ਪੇਂਡੂ ਅਤੇ ਰਸਮੀ-ਗੈਰ ਰਸਮੀ ਖੇਤਰ ਦੀ ਦੂਰੀ ਖਤਮ ਹੋਈ ਹੈ। ਰਸਮੀ ਵਿੱਤੀ ਵਿਵਸਥਾ ਨਾਲ ਜੁੜਨ ਦੇ ਕਾਰਨ ਛੋਟੇ ਵਪਾਰੀਆਂ ਅਤੇ ਅਸੰਗਠਿਤ ਖੇਤਰ ਦੇ ਕਾਮਿਆਂ ਦੇ ਲਈ ਲੋਨ ਅਤੇ ਬੱਚਤ ਦੇ ਨਵੇਂ ਰਸਤੇ ਖੁੱਲ੍ਹੇ ਹਨ। ਅੱਜ ਯੂਪੀਆਈ ਇੱਕ ਵਿਆਪਕ ਵਿੱਤੀ ਮੰਚ ਬਣ ਚੁੱਕਿਆ

> *ਯੂਪੀਆਈ ਦਾ ਸਾਡਾ ਆਪਣਾ ਮੰਚ ਅੱਜ ਦੁਨੀਆ ਦੇ ਲਈ ਅਜੂਬਾ ਬਣ ਚੁੱਕਿਆ ਹੈ, ਇਕੱਲਾ ਭਾਰਤ ਰੀਅਲ ਟਾਈਮ ਲੈਣ-ਦੇਣ ਵਿੱਚ ਅੱਧੀ ਹਿੱਸੇਦਾਰੀ ਰੱਖਦਾ ਹੈ।*
>
> **– ਨਰੇਂਦਰ ਮੋਦੀ, ਪ੍ਰਧਾਨ ਮੰਤਰੀ**

# ਰੇਹੜੀ-ਪਟੜੀ ਤੋਂ ਮੌਲ ਤੱਕ : ਹਰ ਹੱਥ ਵਿੱਚ ਯੂਪੀਆਈ

ਯੂਪੀਆਈ ਦੀ ਅਸਲੀ ਤਾਕਤ ਉਸ ਦੇ ਅੰਕੜਿਆਂ ਵਿੱਚ ਓਨੀ ਨਹੀਂ, ਜਿੰਨੀ ਉਸ ਦੀ ਪਹੁੰਚ ਵਿੱਚ ਹੈ। ਕੁੱਲ ਲੈਣ ਦੇਣ ਵਿੱਚੋਂ 63% ਹਿੱਸਾ ਵਿਅਕਤੀ ਤੋਂ ਵਪਾਰੀ ਯਾਨੀ ਪੀ2ਐੱਮ ਭੁਗਤਾਨ ਦਾ ਹੈ। ਇਸ ਵਿੱਚ ਵੀ 86% ਲੈਣ ਦੇਣ 500 ਰੁਪਏ ਤੋਂ ਘੱਟ ਰਾਸ਼ੀ ਦੇ ਹਨ। ਇਸ ਦਾ ਸਿੱਧਾ ਮਤਲਬ ਹੈ ਕਿ ਯੂਪੀਆਈ ਹੁਣ ਸਿਰਫ਼ ਵੱਡੇ ਸ਼ਹਿਰਾਂ ਦੀ ਸੁਵਿਧਾ ਨਹੀਂ ਰਹਿ ਗਈ ਹੈ। ਇਹ ਸਬਜ਼ੀ ਵਾਲੇ, ਚਾਹ ਵਾਲੇ, ਆਟੋ ਰਿਕਸ਼ਾ ਚਲਾਉਣ ਵਾਲੇ ਅਤੇ ਗਲੀ ਮੁਹੱਲੇ ਦੀ ਛੋਟੀ ਦੁਕਾਨ ਤੱਕ ਪਹੁੰਚ ਚੁੱਕਿਆ ਹੈ। ਆਟੋ ਰਿਕਸ਼ਾ ਚਲਾਉਣ ਵਾਲਾ ਹੋਵੇ ਜਾਂ ਰੇਹੜੀ -ਪਟੜੀ ਵਾਲਾ, ਹੁਣ ਕਿਸੇ ਨੂੰ ਵੀ ਸਵਾਰੀ ਜਾਂ ਗ੍ਰਾਹਕ ਤੋਂ 'ਖੁੱਲ੍ਹੇ ਪੈਸਿਆਂ' ਨੂੰ ਲੈ ਕੇ ਉਲਝਣ ਦੀ ਜ਼ਰੂਰਤ ਨਹੀਂ ਪੈਂਦੀ, ਕਿਉਆਰ ਕੋਡ ਦਾ ਇੱਕ ਸਕੈਨ ਹੀ ਕਾਫੀ ਹੈ।

- ਪੀਐੱਮ ਸਵਨਿਧੀ ਯੋਜਨਾ ਦੇ ਤਹਿਤ ਰੇਹੜੀ-ਪਟੜੀ ਵਾਲਿਆਂ ਨੂੰ ਰਸਮੀ ਲੋਨ ਨਾਲ ਜੋੜਨ ਤੋਂ ਬਾਅਦ ਇਹ ਵਰਗ ਵੀ ਹੁਣ ਬੈਂਕਿੰਗ ਸਿਸਟਮ ਦਾ ਹਿੱਸਾ ਬਣ ਗਿਆ ਹੈ। ਜੋ ਕਾਰੋਬਾਰੀ ਕਦੇ ਨਕਦ ਲੈਣ ਦੇਣ ਤੱਕ ਸੀਮਤ ਸੀ, ਉਹ ਅੱਜ ਯੂਪੀਆਈ ਦੇ ਜ਼ਰੀਏ ਆਪਣਾ ਡਿਜੀਟਲ ਲੈਣ ਦੇਣ ਦਾ ਇਤਿਹਾਸ ਬਣਾ ਰਿਹਾ ਹੈ। ਇਹੀ ਇਤਿਹਾਸ ਅੱਗੇ ਚੱਲ ਕੇ ਉਸ ਨੂੰ ਬਿਨਾ ਗਰੰਟੀ ਦੇ ਛੋਟੇ ਲੋਨ ਦਿਵਾਉਣ ਵਿੱਚ ਸਹਾਇਕ ਸਾਬਤ ਹੋ ਰਿਹਾ ਹੈ।

- ਪ੍ਰਧਾਨ ਮੰਤਰੀ ਨਰੇਂਦਰ ਮੋਦੀ ਇਸ ਨੂੰ 'ਸਾਰਿਆਂ ਦੇ ਲਈ ਮੰਚ, ਸਾਰਿਆਂ ਦੇ ਲਈ ਤਰੱਕੀ' ਦੇ ਸਿਧਾਂਤ ਦੇ ਤੌਰ 'ਤੇ ਵਾਰ-ਵਾਰ ਰੇਖਾਂਕਿਤ ਕਰਦੇ ਹਨ। ਉਹ ਕਹਿੰਦੇ ਹਨ ਕਿ ਆਧਾਰ, ਡਿਜੀਲੌਕਰ, ਓਐੱਨਡੀਸੀ ਅਤੇ ਯੂਪੀਆਈ ਵਰਗੇ ਡਿਜੀਟਲ ਮੰਚਾਂ ਨੇ ਭਾਰਤ ਨੂੰ ਇੱਕ ਅਜਿਹਾ ਜਨਤਕ ਢਾਂਚਾ ਦਿੱਤਾ ਹੈ, ਜਿਸ ਵਿੱਚ ਮੌਲ ਵਿੱਚ ਖਰੀਦਾਰੀ ਕਰਨ ਵਾਲਾ ਗ੍ਰਾਹਕ ਅਤੇ ਸੜਕ ਦੇ ਕੰਢੇ 'ਤੇ ਠੇਲਾ ਲਗਾਉਣ ਵਾਲਾ ਵਿਕ੍ਰੇਤਾ, ਦੋਵੇਂ ਇੱਕ ਹੀ ਸਹੂਲਤ ਦਾ ਲਾਭ ਲੈਂਦੇ ਹਨ।




*ਅੱਜ ਪੀਐੱਮ ਸਵਨਿਧੀ ਨਾਲ ਜੁੜਿਆ ਰੇਹੜੀ-ਪਟੜੀ ਵਾਲਾ ਵੀ ਯੂਪੀਆਈ ਦੁਆਰਾ ਲੈਣ ਦੇਣ ਕਰਦਾ ਹੈ। ਇਹੀ ਸਮਾਵੇਸ਼ੀ ਭਾਰਤ ਦੀ ਅਸਲੀ ਤਸਵੀਰ ਹੈ।*

**– ਨਰੇਂਦਰ ਮੋਦੀ, ਪ੍ਰਧਾਨ ਮੰਤਰੀ**

ਹੈ। ਛੋਟੇ ਭੁਗਤਾਨਾਂ ਦੇ ਲਈ 'ਯੂਪੀਆਈ ਲਾਈਟ', ਬਿਲ ਅਤੇ ਸਬਸਕ੍ਰਿਪਸ਼ਨ ਦੇ ਲਈ 'ਯੂਪੀਆਈ ਆਟੋ-ਪੇਅ' ਅਤੇ ਪਹਿਲਾਂ ਤੋਂ ਮਨਜ਼ੂਰ ਲੋਨ ਸੀਮਾਵਾਂ ਲਈ 'ਯੂਪੀਆਈ 'ਤੇ ਕ੍ਰੈਡਿਟ' ਵਰਗੀਆਂ ਸਹੂਲਤਾਂ ਉਪਲਬਧ ਹਨ। ਇਸ ਮਜ਼ਬੂਤ ਢਾਂਚੇ ਦੇ ਅਧਾਰ 'ਤੇ ਬੈਂਕ ਅਤੇ ਫਿਨਟੈੱਕ ਕੰਪਨੀਆਂ ਲੋਕਾਂ ਦੀਆਂ ਜ਼ਰੂਰਤਾਂ ਦੇ ਅਨੁਸਾਰ ਵਿੱਤੀ ਉਤਪਾਦ ਦੇਸ਼ ਦੇ ਕੋਨੇ-ਕੋਨੇ ਤੱਕ ਪਹੁੰਚਾ ਰਹੀ ਹੈ।

# ਤਿੰਨ ਥੰਮ੍ਹਾਂ ‘ਤੇ ਟਿਕੀ ਹੈ ਬੁਨਿਆਦ

ਇੰਟਰਨੈਸ਼ਨਲ ਮੌਨੀਟਰਿੰਗ ਫੰਡ (ਆਈਐੱਮਐੱਫ ) ਦੇ ਮਾਹਿਰ ਜਦੋਂ ਯੂਪੀਆਈ ਦੀ ਸਫ਼ਲਤਾ ਦਾ ਵਿਸ਼ਲੇਸ਼ਣ ਕਰਦੇ ਹਨ, ਤਾਂ ਉਹ ਇਕੱਲੇ ਯੂਪੀਆਈ ਦੀ ਗੱਲ ਨਹੀਂ ਕਰਦੇ। ਉਹ ਇਸ ਨੂੰ ਭਾਰਤ ਦੇ ਵਿਆਪਕ ਡਿਜੀਟਲ ਪਬਲਿਕ ਇਨਫ੍ਰਾਸਟ੍ਰਕਚਰ ਯਾਨੀ ਡੀਪੀਆਈ ਮਾਡਲ ਦਾ ਨਤੀਜਾ ਮੰਨਦੇ ਹਨ, ਜਿਸ ਦੀ ਬੁਨਿਆਦ ਤਿੰਨ ਥੰਮ੍ਹਾਂ ‘ਤੇ ਟਿਕੀ ਹੈ। ਜਨ ਧਨ, ਆਧਾਰ ਅਤੇ ਮੋਬਾਈਲ। ਸਰਕਾਰ ਇਸ ਨੂੰ ਸੰਖੇਪ ਵਿੱਚ ‘ਜੇਏਐੱਮ ਟ੍ਰਿਨਿਟੀ’ ਕਹਿੰਦੀ ਹੈ...



## ਜਨ ਧਨ

ਕਰੋੜਾਂ ਨਾਗਰਿਕਾਂ ਦੇ ਬੈਂਕ ਖਾਤੇ ਖੋਲ੍ਹ ਕੇ ਹਰ ਪਰਿਵਾਰ ਨੂੰ ਰਸਮੀ ਬੈਂਕਿੰਗ ਨਾਲ ਜੋੜਿਆ।

**59 ਕਰੋੜ** ਤੋਂ ਵੱਧ ਜਨ ਧਨ ਖਾਤੇ, 26 ਅਗਸਤ, 2026 ਤੱਕ ।



## ਆਧਾਰ

ਹਰ ਭਾਰਤੀ ਨੂੰ ਇੱਕ ਵਿਲੱਖਣ ਡਿਜੀਟਲ ਪਛਾਣ ਮਿਲੀ, ਜਿਸ ਨੇ ਖਾਤਾ ਖੋਲ੍ਹਣ ਅਤੇ ਤਸਦੀਕ ਨੂੰ ਅਸਾਨ ਬਣਾਇਆ।

**145 ਕਰੋੜ** ਆਧਾਰ ਨੰਬਰ ਜੁਲਾਈ, 2026 ਤੱਕ ਜਾਰੀ ਕੀਤੇ ਗਏ।

## ਮੋਬਾਈਲ

ਦੁਨੀਆ ਦੇ ਸਭ ਤੋਂ ਸਸਤੇ ਮੋਬਾਈਲ ਡੇਟਾ ਨੇ ਹਰ ਹੱਥ ਨੂੰ ਇੰਟਰਨੈੱਟ ਅਤੇ ਭੁਗਤਾਨ ਮੰਚ ਨਾਲ ਜੋੜ ਦਿੱਤਾ।



**120 ਕਰੋੜ** ਤੋਂ ਵੱਧ ਮੋਬਾਈਲ ਫੋਨ ਯੂਜ਼ਰ, ਜੁਲਾਈ 2026 ਤੱਕ।

**ਇਨ੍ਹਾਂ ਤਿੰਨੋਂ ਨੀਂਹ ਪੱਥਰਾਂ ‘ਤੇ ਜਦੋਂ ਭੁਗਤਾਨ ਦੀ ਪਰਤ ਚੜ੍ਹੀ, ਤਾਂ ਯੂਪੀਆਈ ਦਾ ਜਨਮ ਹੋਇਆ। ਆਈਐੱਮਐੱਫ ਦਾ ਮੰਨਣਾ ਹੈ ਕਿ ਨਕਦੀ ‘ਤੇ ਨਿਰਭਰ ਬਾਕੀ ਦੇਸ਼ ਵੀ ਇਸੇ ਤਰ੍ਹਾਂ ਪਛਾਣ, ਖਾਤਾ, ਸੰਪਰਕ ਅਤੇ ਫਿਰ ਭੁਗਤਾਨ ਨੂੰ ਅਪਣਾ ਕੇ ਆਪਣੇ ਇੱਥੇ ਵਿੱਤੀ ਸਮਾਵੇਸ਼ ਦੀ ਰਫ਼ਤਾਰ ਵਧਾ ਸਕਦੇ ਹਨ।**



## ਯੂਪੀਆਈ ਅਤੇ ਆਮ ਨਾਗਰਿਕ ਦਾ ਭਰੋਸਾ

ਬਿਹਾਰ ਦੇ ਮੁਜ਼ੱਫਰਪੁਰ ਦੀ ਰਾਜਕੁਮਾਰੀ ਸਿਰਫ਼ ਇਕੱਲੀ ਮਹਿਲਾ ਨਹੀਂ ਹਨ, ਅਜਿਹੀਆਂ ਅਣਗਿਣਤ ਕਹਾਣੀਆਂ ਹਨ ਜਿਨ੍ਹਾਂ ਦਾ ਜੀਵਨ ਅਤੇ ਕਾਰੋਬਾਰ ਯੂਪੀਆਈ ਨੇ ਅਸਾਨ ਕੀਤਾ ਹੈ। ਦਿੱਲੀ ਦੀ ਕਿਸੇ ਗਲੀ ਵਿੱਚ ਚਾਟ ਦੀ ਦੁਕਾਨ ‘ਤੇ ਭੀੜ ਲੱਗੀ ਹੋਵੇ ਜਾਂ ਕਿਸੇ ਪਿੰਡ ਦੀ ਕਰਿਆਨੇ ਦੀ ਦੁਕਾਨ ‘ਤੇ, ਦ੍ਰਿਸ਼ ਹੁਣ ਇੱਕੋ ਜਿਹਾ ਹੈ। ਗ੍ਰਾਹਕ ਮੋਬਾਈਲ ਕੱਢਦਾ ਹੈ, ਭੁਗਤਾਨ ਕੁਝ ਹੀ ਪਲਾਂ ਵਿੱਚ ਪੂਰਾ ਹੋ ਜਾਂਦਾ ਹੈ ਅਤੇ ਦੁਕਾਨ ‘ਤੇ ਰੱਖਿਆ ਸਾਊਂਡ ਬੌਕਸ ਬੋਲ ਪੈਂਦਾ ਹੈ। ਨਾ ਪਰਸ ਕੱਢਣ ਦੀ ਜਲਦੀ, ਨਾ ਖੁੱਲ੍ਹੇ ਪੈਸਿਆਂ ਨੂੰ ਲੈ ਕੇ ਬਹਿਸ। ਇਹ ਸਹਿਜਤਾ ਇੰਝ ਹੀ ਨਹੀਂ ਆਈ। ਇਸ ਦੇ ਪਿੱਛੇ ਇੱਕ ਸੋਚੀ- ਸਮਝੀ ਨੀਤੀ, ਇੱਕ ਤਕਨੀਕੀ ਕ੍ਰਾਂਤੀ ਅਤੇ ਕਰੋੜਾਂ ਭਾਰਤੀਆਂ ਦਾ ਭਰੋਸਾ ਜੁੜਿਆ ਹੈ, ਜਿਸ ਦਾ ਨਾਮ ਹੈ, ਯੂਨੀਫਾਈਡ ਪੇਮੈਂਟਸ ਇੰਟਰਫੇਸ ਯਾਨੀ ਯੂਪੀਆਈ। ਇਸ ਭਰੋਸੇ ਦੀ ਵਜ੍ਹਾ ਨਾਲ ਹਰ

# ਕਿਉਂ ਯੂਪੀਆਈ ਹੈ ਯੂਨੀਕ.....

- ਮੋਬਾਈਲ ਫੋਨ ਦੇ ਜ਼ਰੀਏ 24X7 ਅਤੇ 365 ਦਿਨ ਤਤਕਾਲ ਮਨੀ ਟ੍ਰਾਂਸਫਰ।
- ਇੱਕ ਹੀ ਐਪਲੀਕੇਸ਼ਨ ਰਾਹੀਂ ਕਈ ਬੈਂਕ ਖਾਤਿਆਂ ਤੱਕ ਪਹੁੰਚ।
- ਦੋ-ਪੱਧਰੀ ਪ੍ਰਮਾਣੀਕਰਣ, ਯਾਨੀ ਸੁਰੱਖਿਆ ਅਤੇ ਪਹੁੰਚਯੋਗਤਾ ਦੋਵੇਂ ਨਾਲ-ਨਾਲ।
- ਵਰਚੁਅਲ ਪਤੇ ਦੀ ਸੁਵਿਧਾ- ਖਾਤਾ ਨੰਬਰ ਜਾਂ ਕਾਰਡ ਵੇਰਵਾ ਸਾਂਝਾ ਕਰਨ ਦੀ ਜ਼ਰੂਰਤ ਨਹੀਂ।
- ਕਿਊਆਰ ਕੋਡ ਅਤੇ ਇੰਟੈਂਟ ਅਧਾਰਿਤ ਭੁਗਤਾਨ ਦੀ ਸੁਵਿਧਾ।
- ਕੈਸ਼ ਔਨ ਡਿਲੀਵਰੀ ਅਤੇ ਖੁੱਲ੍ਹੇ ਪੈਸਿਆਂ ਦੇ ਝੰਝਟ ਤੋਂ ਮੁਕਤੀ।
- ਵਿਅਕਤੀ ਤੋਂ ਵਿਅਕਤੀ (ਪੀ2ਪੀ) ਅਤੇ ਵਿਅਕਤੀ ਤੋਂ ਵਪਾਰੀ (ਪੀ2ਐੱਮ), ਦੋਵੇਂ ਤਰ੍ਹਾਂ ਦੇ ਭੁਗਤਾਨ ਇੱਕ ਹੀ ਮੰਚ 'ਤੇ।
- ਮੋਬਾਈਲ ਐਪ ਰਾਹੀਂ ਸਿੱਧੇ ਸ਼ਿਕਾਇਤ ਦਰਜ ਕਰਵਾਉਣ ਅਤੇ ਨਿਵਾਰਣ ਦੀ ਸੁਵਿਧਾ।

## ਭਾਰਤੀ ਨਵੀਨਤਾ ਦੀ ਆਲਮੀ ਪ੍ਰਵਾਨਗੀ

- ਜੂਨ 2025 ਵਿੱਚ ਆਈਐੱਮਐੱਫ ਨੇ ਇੱਕ ਫਿਨਟੈੱਕ ਨੋਟ ਪ੍ਰਕਾਸ਼ਿਤ ਕੀਤਾ, ਜਿਸ ਦਾ ਵਿਸ਼ਾ ਸੀ ਵਧਦੇ ਰਿਟੇਲ ਡਿਜੀਟਲ ਭੁਗਤਾਨਾਂ ਵਿੱਚ ਇੰਟਰ ਆਪ੍ਰੇਬਿਲਿਟੀ ਦੀ ਭੂਮਿਕਾ। ਇਸ ਵਿੱਚ ਕਿਹਾ ਗਿਆ ਹੈ ਕਿ 2016 ਵਿੱਚ ਸ਼ੁਰੂ ਹੋਈ ਭਾਰਤ ਦੀ ਇਹ ਭੁਗਤਾਨ ਵਿਵਸਥਾ ਪੂਰੇ ਡਿਜੀਟਲ ਭੁਗਤਾਨ ਦ੍ਰਿਸ਼ ਲਈ ਇੱਕ ਮਿਸਾਲ ਬਣ ਗਈ ਹੈ। ਕੁਝ ਮਹੀਨਿਆਂ ਬਾਅਦ, ਸਤੰਬਰ 2025 ਵਿੱਚ ਆਈਐੱਮਐੱਫ ਦੀ ਆਪਣੀ ਪੱਤ੍ਰਿਕਾ 'ਫਾਈਨੈਂਸ ਐਂਡ ਡਿਵੈਲਪਮੈਂਟ' ਨੇ ਭਾਰਤ ਦੀ ਨਿਰਵਿਘਨ ਭੁਗਤਾਨ ਵਿਧੀ 'ਤੇ ਵਿਸਤ੍ਰਿਤ ਲੇਖ ਪ੍ਰਕਾਸ਼ਿਤ ਕੀਤਾ, ਜਿਸ ਵਿੱਚ ਦੱਸਿਆ ਗਿਆ ਕਿ ਯੂਪੀਆਈ ਹੁਣ ਦੁਨੀਆ ਦੀ ਸਭ ਤੋਂ ਵੱਡੀ ਭੁਗਤਾਨ ਪ੍ਰਣਾਲੀ ਬਣ ਚੁੱਕੀ ਹੈ, ਜਿਸ ਦੇ ਜ਼ਰੀਏ ਹਰ ਮਹੀਨੇ ਔਸਤਨ 19 ਅਰਬ ਤੋਂ ਵੱਧ ਦੇ ਲੈਣ-ਦੇਣ ਹੁੰਦੇ ਹਨ।
- ਇਹ ਸ਼ਲਾਘਾ ਕਿਸੇ ਸੰਜੋਗ ਦਾ ਨਤੀਜਾ ਨਹੀਂ ਹੈ। ਦਹਾਕਿਆਂ ਤੱਕ ਆਲਮੀ ਵਿੱਤੀ ਢਾਂਚੇ 'ਤੇ ਪੱਛਮੀ ਸੰਸਥਾਵਾਂ ਅਤੇ ਕਾਰਡ ਨੈੱਟਵਰਕਾਂ ਦਾ ਦਬਦਬਾ ਰਿਹਾ। ਪਹਿਲੀ ਵਾਰ ਕਿਸੇ ਵਿਕਾਸਸ਼ੀਲ ਦੇਸ਼ ਦਾ ਜਨਤਕ ਡਿਜੀਟਲ ਪਲੈਟਫਾਰਮ ਦੁਨੀਆ ਦੇ ਸਾਹਮਣੇ ਇੱਕ ਨਿਰਯਾਤ ਯੋਗ ਮਾਡਲ ਦੇ ਰੂਪ ਵਿੱਚ ਖੜ੍ਹਾ ਹੋਇਆ ਹੈ। ਇਹ ਬਦਲਾਅ ਭਾਵੇਂ ਸ਼ੋਰ-ਸ਼ਰਾਬੇ ਵਿਚਕਾਰ ਨਾ ਹੋਇਆ ਹੋਵੇ, ਪਰ ਇਸ ਦੀ ਗੂੰਜ ਡੂੰਘੀ ਹੈ। ਇਹ ਸਿਰਫ਼ ਪੈਸਿਆਂ ਦੀ ਆਵਾਜਾਈ ਨਹੀਂ, ਸਗੋਂ ਨਵੀਨਤਾ, ਸਮਾਵੇਸ਼ ਅਤੇ ਭਰੋਸੇ ਨੂੰ ਲੈ ਕੇ ਭਾਰਤ ਦੀ ਸਾਖ ਦੀ ਵੀ ਕਹਾਣੀ ਹੈ।




> *ਇੱਕ ਦਹਾਕੇ ਪਹਿਲਾਂ ਸ਼ੁਰੂ ਹੋਏ ਯੂਪੀਆਈ ਨੇ ਦੇਸ਼ ਵਿੱਚ ਡਿਜੀਟਲ ਲੈਣ-ਦੇਣ ਨੂੰ ਸਰਲ, ਤੇਜ਼, ਸੁਰੱਖਿਅਤ ਅਤੇ ਸੁਵਿਧਾਜਨਕ ਬਣਾਉਂਦੇ ਹੋਏ ਭੁਗਤਾਨ ਦੇ ਤੌਰ-ਤਰੀਕਿਆਂ ਵਿੱਚ ਵੱਡਾ ਬਦਲਾਅ ਲਿਆ ਦਿੱਤਾ ਹੈ।*
>
> **-ਨਰੇਂਦਰ ਮੋਦੀ, ਪ੍ਰਧਾਨ ਮੰਤਰੀ**

ਸਕਿੰਟ ਵਿੱਚ ਨਾ ਸਿਰਫ਼ 1 ਕਰੋੜ ਯੂਪੀਆਈ ਪੇਮੈਂਟਾਂ ਭਾਰਤ ਵਿੱਚ ਹੋ ਰਹੀਆਂ ਹਨ ਸਗੋਂ ਹਰ 2 ਵਿੱਚੋਂ 1 ਗਲੋਬਲ ਯੂਪੀਆਈ ਪੇਮੈਂਟ ਭਾਰਤ ਵਿੱਚ ਕੀਤੀ ਜਾ ਰਹੀ ਹੈ। ਇਸ ਦੇ ਲਈ ਦੇਸ਼ ਵਿੱਚ 81 ਕਰੋੜ ਤੋਂ ਵੱਧ ਯੂਪੀਆਈ ਪੇਮੈਂਟ ਪੁਆਇੰਟ ਭਾਰਤ ਵਿੱਚ ਵਰਤੇ ਜਾ ਰਹੇ ਹਨ। ਇਹੀ ਕਾਰਨ ਹੈ ਕਿ ਅੱਜ ਅੰਤਰਰਾਸ਼ਟਰੀ ਮੁਦਰਾ ਫੰਡ ਯਾਨੀ ਆਈਐੱਮਐੱਫ ਵਰਗੀ ਗਲੋਬਲ ਸੰਸਥਾ ਦੇ ਅਰਥਸ਼ਾਸਤਰੀ

# ਦੁਨੀਆ ਨੂੰ ਰਾਹ ਦਿਖਾਉਂਦਾ ਭਾਰਤ ਦਾ ਯੂਪੀਆਈ ਮਾਡਲ

ਜੋ ਪ੍ਰਯੋਗ ਕਦੇ ਮੁੰਬਈ ਦੀ ਇੱਕ ਸ਼ਾਖਾ ਤੱਕ ਸੀਮਿਤ ਸੀ, ਉਹ ਅੱਜ ਦੁਨੀਆ ਦੇ ਕਈ ਦੇਸ਼ਾਂ ਵਿੱਚ ਆਪਣੀ ਪਛਾਣ ਬਣਾ ਰਿਹਾ ਹੈ। ਸਿੰਗਾਪੁਰ ਵਿੱਚ ਯੂਪੀਆਈ ਨੂੰ ਉੱਥੋਂ ਦੀ ਭੁਗਤਾਨ ਵਿਵਸਥਾ 'ਪੇ-ਨਾਓ' ਨਾਲ ਜੋੜਿਆ ਗਿਆ ਹੈ, ਜਿਸ ਨਾਲ ਦੋਵੇਂ ਦੇਸ਼ਾਂ ਦਰਮਿਆਨ ਸਰਹੱਦ-ਪਾਰ ਮਨੀ ਟ੍ਰਾਂਸਫਰ ਕੁਝ ਮਿੰਟਾਂ ਵਿੱਚ ਸੰਭਵ ਹੋ ਗਿਆ ਹੈ। ਸੰਯੁਕਤ ਅਰਬ ਅਮੀਰਾਤ ਅਤੇ ਮੌਰੀਸ਼ਸ ਵਿੱਚ ਭਾਰਤੀ ਟੂਰਿਸਟ ਹੁਣ ਸਥਾਨਕ ਦੁਕਾਨਾਂ ਵਿੱਚ ਯੂਪੀਆਈ ਨਾਲ ਭੁਗਤਾਨ ਕਰ ਸਕਦੇ ਹਨ। ਫਰਾਂਸ ਵਿੱਚ ਤਾਂ ਪੈਰਿਸ ਦੇ ਮਸ਼ਹੂਰ ਐਫਿਲ ਟਾਵਰ 'ਤੇ ਵੀ ਹੁਣ ਭਾਰਤੀ ਟੂਰਿਸਟ ਸਿਰਫ਼ ਇੱਕ ਕਿਊਆਰ ਕੋਡ ਸਕੈਨ ਕਰਕੇ ਰੁਪਏ ਵਿੱਚ ਆਪਣਾ ਬਿਲ ਚੁਕਾ ਸਕਦੇ ਹਨ।

ਨੇਪਾਲ, ਭੂਟਾਨ ਅਤੇ ਸ੍ਰੀਲੰਕਾ ਵਿੱਚ ਯੂਪੀਆਈ ਪਹਿਲਾਂ ਤੋਂ ਪ੍ਰਵਾਨਿਤ ਹੈ, ਜਦਕਿ ਕਤਰ, ਗ੍ਰੀਸ ਅਤੇ ਕੰਬੋਡੀਆ ਵਿੱਚ ਸਥਾਨਕ ਭਾਗੀਦਾਰ ਸੰਸਥਾਵਾਂ ਨਾਲ ਮਿਲ ਕੇ ਇਸ ਦਾ ਵਿਸਥਾਰ ਕੀਤਾ ਜਾ ਰਿਹਾ ਹੈ। ਏਸ਼ੀਆ, ਅਫਰੀਕਾ ਅਤੇ ਯੂਰੋਪ ਦੇ ਕਈ ਕੇਂਦਰੀ ਬੈਂਕਾਂ ਅਤੇ ਫਿਨਟੈੱਕ ਕੰਪਨੀਆਂ ਨਾਲ ਵੀ ਗੱਲਬਾਤ ਜਾਰੀ ਹੈ। ਕੁੱਲ ਮਿਲਾ ਕੇ ਅੱਜ ਇੱਕ ਦਰਜਨ ਤੋਂ ਵੱਧ ਦੇਸ਼ਾਂ ਵਿੱਚ ਯੂਪੀਆਈ ਅਧਾਰਿਤ ਭੁਗਤਾਨ ਸੁਵਿਧਾ ਕਿਸੇ ਨਾ ਕਿਸੇ ਰੂਪ ਵਿੱਚ ਉਪਲਬਧ ਹੈ।

## ਅੰਤਰਰਾਸ਼ਟਰੀ ਮੌਜੂਦਗੀ ਨੇ ਭਾਰਤ ਦੇ ਇਨੋਵੇਸ਼ਨ ਨੂੰ ਦਿੱਤੀ ਨਵੀਂ ਤਾਕਤ




- **ਸਿੰਗਾਪੁਰ: 'ਪੇਨਾਓ' ਦੇ ਨਾਲ ਏਕੀਕ੍ਰਿਤ, ਸੀਮਾ-ਪਾਰ ਤਤਕਾਲੀ ਟ੍ਰਾਂਸਫਰ।**
- **ਸੰਯੁਕਤ ਅਰਬ ਅਮੀਰਾਤ: ਪ੍ਰਮੁੱਖ ਵਪਾਰਕ ਕੇਂਦਰਾਂ 'ਤੇ ਪ੍ਰਵਾਨਗੀ, ਭਾਰਤੀ ਪ੍ਰਵਾਸੀਆਂ ਵਿੱਚ ਪ੍ਰਸਿੱਧ।**
- **ਫਰਾਂਸ: ਭਾਰਤੀ ਟੂਰਿਸਟਾਂ ਦੇ ਲਈ ਐਫਿਲ ਟਾਵਰ ਸਮੇਤ ਕਈ ਜਗ੍ਹਾ ਭੁਗਤਾਨ ਸੁਵਿਧਾ।**
- **ਭੂਟਾਨ ਅਤੇ ਨੇਪਾਲ: ਦੇਸ਼ ਭਰ ਵਿੱਚ ਪ੍ਰਵਾਨਿਤ, ਐੱਨਪੀਸੀਆਈ-ਸਮਰੱਥ ਰੀਅਲ ਟਾਈਮ ਕਰੌਸ-ਬੌਰਡਰ ਵਿਵਸਥਾ।**
- **ਸ੍ਰੀਲੰਕਾ ਅਤੇ ਮੌਰੀਸ਼ਸ: ਸਥਾਨਕ ਭੁਗਤਾਨ ਢਾਂਚੇ ਦੇ ਨਾਲ ਏਕੀਕਰਣ।**
- **ਕਤਰ, ਗ੍ਰੀਸ ਅਤੇ ਕੰਬੋਡੀਆ: ਸਥਾਨਕ ਬੈਂਕਾਂ ਦੇ ਨਾਲ ਭਾਗੀਦਾਰੀ ਵਿੱਚ ਵਿਸਥਾਰ ਜਾਰੀ।**
- **ਉਜ਼ਬੇਕਿਸਤਾਨ: ਯੂਪੀਆਈ ਲਈ 20 ਅਗਸਤ 2026 ਨੂੰ ਸਮਝੌਤਾ।**

ਵੀ ਯੂਪੀਆਈ ਦੀ ਸਫਲਤਾ ਨੂੰ ਬਾਰੀਕੀ ਨਾਲ ਸਮਝਣ ਵਿੱਚ ਜੁਟੇ ਹਨ। ਜੋ ਦੇਸ਼ ਦਹਾਕਿਆਂ ਤੱਕ ਨਕਦੀ 'ਤੇ ਨਿਰਭਰ ਰਿਹਾ, ਉਹ ਅੱਜ ਡਿਜੀਟਲ ਭੁਗਤਾਨ ਦੀ ਕ੍ਰਾਂਤੀ ਵਿੱਚ ਬਾਕੀ ਦੁਨੀਆ ਨੂੰ ਰਾਹ ਦਿਖਾ ਰਿਹਾ ਹੈ।

### ਜਾਣੋ: ਯੂਪੀਆਈ ਹੈ ਕੀ?

ਯੂਨੀਫਾਈਡ ਪੇਮੈਂਟਸ ਇੰਟਰਫੇਸ (ਯੂਪੀਆਈ) ਇੱਕ ਅਜਿਹੀ ਵਿਵਸਥਾ ਹੈ, ਜੋ ਇੱਕ ਹੀ ਮੋਬਾਈਲ ਐਪਲੀਕੇਸ਼ਨ ਦੇ ਜ਼ਰੀਏ ਕਈ ਬੈਂਕ ਖਾਤਿਆਂ ਨੂੰ ਆਪਸ ਵਿੱਚ ਜੋੜ ਦਿੰਦੀ ਹੈ। ਇਸ ਦੇ ਜ਼ਰੀਏ ਕੋਈ ਵੀ ਵਿਅਕਤੀ ਸਿਰਫ਼ ਇੱਕ ਵਰਚੁਅਲ ਪਤੇ ਜਾਂ ਕਿਊਆਰ ਕੋਡ ਦੀ ਮਦਦ ਨਾਲ, ਬਿਨਾਂ ਖਾਤਾ ਨੰਬਰ ਅਤੇ ਆਈਐੱਫਐੱਸਸੀ ਕੋਡ ਯਾਦ ਰੱਖੇ, 24 ਘੰਟੇ ਅਤੇ ਸਾਲ ਦੇ 365 ਦਿਨ ਤਤਕਾਲ ਪੈਸਾ ਭੇਜ ਜਾਂ ਮੰਗਵਾ ਸਕਦਾ ਹੈ।

ਇਸ ਨੂੰ ਭਾਰਤੀ ਰਿਜ਼ਰਵ ਬੈਂਕ ਦੇ ਮਾਰਗਦਰਸ਼ਨ ਵਿੱਚ ਨੈਸ਼ਨਲ ਪੇਮੈਂਟਸ ਕਾਰਪੋਰੇਸ਼ਨ ਆਫ਼ ਇੰਡੀਆ (ਐੱਨਪੀਸੀਆਈ) ਸੰਚਾਲਿਤ ਕਰਦਾ ਹੈ।

# ਸੰਸਦ ਤੋਂ ਪਾਸ ਨਵਾਂ ਕਾਨੂੰਨ

**ਅਗਸਤ 2026 ਵਿੱਚ ਸੰਸਦ ਦੇ ਦੋਵਾਂ ਸਦਨਾਂ ਨੇ 'ਟੈਕਸੇਸ਼ਨ ਅਤੇ ਹੋਰ ਕਾਨੂੰਨ (ਸੰਸ਼ੋਧਨ) ਬਿਲ, 2026' ਨੂੰ ਮਨਜ਼ੂਰੀ ਦਿੱਤੀ, ਜਿਸ ਨੂੰ ਰਾਸ਼ਟਰਪਤੀ ਦ੍ਰੌਪਦੀ ਮੁਰਮੂ ਨੇ ਵੀ ਆਪਣੀ ਮਨਜ਼ੂਰੀ ਦੇ ਦਿੱਤੀ। ਇਸ ਬਿਲ ਦਾ ਇੱਕ ਅਹਿਮ ਹਿੱਸਾ ਭੁਗਤਾਨ ਅਤੇ ਨਿਪਟਾਰਾ ਪ੍ਰਣਾਲੀ ਐਕਟ, 2007 ਵਿੱਚ ਸੋਧ ਨਾਲ ਜੁੜਿਆ ਹੈ। ਇਸੇ ਵਜ੍ਹਾ ਨਾਲ ਯੂਪੀਆਈ ਨੂੰ ਲੈ ਕੇ ਦੇਸ਼ ਭਰ ਵਿੱਚ ਚਰਚਾ ਸ਼ੁਰੂ ਹੋ ਗਈ।**

## ਕਾਨੂੰਨ ਦੀਆਂ ਮੁੱਖ ਗੱਲਾਂ ਅਸਾਨ ਭਾਸ਼ਾ ਵਿੱਚ ਸਮਝੋ.....

- ਇਹ ਸੰਸ਼ੋਧਨ ਭੁਗਤਾਨ ਅਤੇ ਨਿਪਟਾਰਾ ਪ੍ਰਣਾਲੀ ਐਕਟ, 2007 ਵਿੱਚ ਕੀਤਾ ਗਿਆ ਹੈ, ਜਿਸ ਨੂੰ ਪਹਿਲਾਂ ਬੈਂਕਾਂ ਅਤੇ ਪੇਮੈਂਟਸ ਸਰਵਿਸ ਪ੍ਰੋਵਾਈਡਰਾਂ ਨੂੰ ਯੂਪੀਆਈ ਵਰਗੇ ਨੋਟੀਫਾਇਡ ਇਲੈਕ੍ਟ੍ਰੌਨਿਕ ਪੇਮੈਂਟਸ ਰਾਹੀਂ ਮਰਚੈਂਟ ਡਿਸਕਾਉਂਟ ਰੇਟ ਯਾਨੀ ਐੱਮਡੀਆਰ ਵਸੂਲਨ ਤੋਂ ਰੋਕਿਆ ਗਿਆ ਸੀ।
- ਸੋਧ ਤੋਂ ਬਾਅਦ ਸਰਕਾਰ ਨੂੰ ਭਵਿੱਖ ਵਿੱਚ ਨੋਟੀਫਿਕੇਸ਼ਨ ਜਾਰੀ ਕਰਕੇ ਬੈਂਕਾਂ ਅਤੇ ਪੇਮੈਂਟਸ ਸਰਵਿਸ ਪ੍ਰੋਵਾਈਡਰਾਂ ਨੂੰ ਕੁਝ ਚੁਣੀਆਂ ਹੋਈਆਂ ਸ਼੍ਰੇਣੀਆਂ ਦੇ ਵਪਾਰਕ ਲੈਣ-ਦੇਣ 'ਤੇ ਸੇਵਾ ਫੀਸ ਤੈਅ ਕਰਨ ਦਾ ਅਧਿਕਾਰ ਮਿਲੇਗਾ।
- ਵਿੱਤ ਮੰਤਰੀ ਨਿਰਮਲਾ ਸੀਤਾਰਮਣ ਨੇ ਸੰਸਦ ਵਿੱਚ ਸਪਸ਼ਟ ਕੀਤਾ ਕਿ ਆਮ ਖਪਤਕਾਰ ਦੇ ਲਈ ਯੂਪੀਆਈ ਪੂਰੀ ਤਰ੍ਹਾਂ ਮੁਫ਼ਤ ਬਣਿਆ ਰਹੇਗਾ, ਜਿਵੇਂ ਕਿ ਇਹ ਸ਼ੁਰੂਆਤ ਤੋਂ ਰਿਹਾ ਹੈ, ਕਿਸੇ ਵੀ ਆਮ ਨਾਗਰਿਕ ਨੂੰ ਯੂਪੀਆਈ ਤੋਂ ਭੁਗਤਾਨ ਕਰਨ 'ਤੇ ਕੋਈ ਫੀਸ ਨਹੀਂ ਦੇਣੀ ਹੋਵੇਗੀ।




- ਸੰਭਾਵੀ ਫੀਸ ਸਿਰਫ਼ ਕੁਝ ਵੱਡੀਆਂ ਅਤੇ ਚੁਣੀਆਂ ਹੋਈਆਂ ਵਪਾਰਕ ਸ਼੍ਰੇਣੀਆਂ ਦੇ ਲੈਣ-ਦੇਣ 'ਤੇ ਲਾਗੂ ਹੋਣ ਦੀ ਗੱਲ ਕਹੀ ਗਈ ਹੈ। ਇਸ ਦਾ ਬਿਓਰਾ ਭਵਿੱਖ ਵਿੱਚ ਵੱਖ ਤੋਂ ਨੋਟੀਫਾਈਡ ਕੀਤਾ ਜਾਵੇਗਾ।
- ਇਹ ਬਿਲ ਟੈਕਸਸੇਸ਼ਨ ਨਾਲ ਜੁੜੇ ਕਈ ਹੋਰ ਵਿਸ਼ਿਆਂ ਨੂੰ ਵੀ ਸਮੇਟੇ ਹੈ, ਜਿਵੇਂ ਵਿਦੇਸ਼ੀ ਨਿਵੇਸ਼ ਨੂੰ ਪਹੁੰਚਯੋਗ ਬਣਾਉਣਾ, ਘਰੇਲੂ ਇਲੈਕਟ੍ਰੌਨਿਕਸ ਮੈਨੂਫੈਕਚਰਿੰਗ ਨੂੰ ਪ੍ਰੋਤਸਾਹਨ ਅਤੇ ਕੱਚੇ ਹੀਰੇ ਦੇ ਵਪਾਰ ਵਿੱਚ ਰਾਹਤ।
- ਸਰਕਾਰ ਦਾ ਕਹਿਣਾ ਹੈ ਕਿ ਇਸ ਕਦਮ ਦਾ ਮਕਸਦ ਯੂਪੀਆਈ ਦੀ ਸਫ਼ਲਤਾ ਨੂੰ ਬਣਾਈ ਰੱਖਦੇ ਹੋਏ ਭੁਗਤਾਨ ਵਿਧੀ ਨੂੰ ਹੋਰ ਮਜ਼ਬੂਤ ਅਤੇ ਟਿਕਾਊ ਬਣਾਉਣਾ ਹੈ, ਤਾਂ ਜੋ ਬੈਂਕਾਂ ਅਤੇ ਸਰਵਿਸ ਪ੍ਰੋਵਾਈਡਰਾਂ ਨੂੰ ਇਸ ਵਿਸ਼ਾਲ ਢਾਂਚੇ ਦੇ ਰੱਖ-ਰਖਾਅ ਦੇ ਲਈ ਸਰੋਤ ਮਿਲਦੇ ਰਹਿਣ।

## ਮੁੰਬਈ ਤੋਂ ਸ਼ੁਰੂ ਹੋਇਆ ਸੀ ਯੂਪੀਆਈ ਦਾ ਸਫ਼ਰ

11 ਅਪ੍ਰੈਲ 2016 ਦਾ ਦਿਨ ਭਾਰਤ ਦੇ ਡਿਜੀਟਲ ਇਤਿਹਾਸ ਵਿੱਚ ਸੁਨਹਿਰੀ ਅੱਖਰਾਂ ਵਿੱਚ ਦਰਜ ਹੈ। ਇਸੇ ਦਿਨ ਮੁੰਬਈ ਵਿੱਚ ਤਤਕਾਲੀ ਰਿਜ਼ਰਵ ਬੈਂਕ ਗਵਰਨਰ ਨੇ ਇਸ ਨੂੰ ਪਾਇਲਟ ਪ੍ਰੋਜੈਕਟ ਦੇ ਤੌਰ 'ਤੇ ਲਾਂਚ ਕੀਤਾ ਸੀ। ਸ਼ੁਰੂਆਤ ਵਿੱਚ ਇਹ ਮੁੱਠੀ ਭਰ ਬੈਂਕਾਂ ਅਤੇ ਚੁਣੇ ਹੋਏ ਗਾਹਕਾਂ ਤੱਕ ਸੀਮਿਤ ਸਿਰਫ਼ ਇੱਕ ਪ੍ਰਯੋਗ ਸੀ। 25 ਅਗਸਤ ਨੂੰ ਆਮ ਜਨਤਾ ਲਈ ਸ਼ੁਰੂ ਹੋਇਆ। ਕਿਸੇ ਨੇ ਸ਼ਾਇਦ ਹੀ ਅੰਦਾਜ਼ਾ ਲਗਾਇਆ ਹੋਵੇਗਾ ਕਿ ਆਉਣ ਵਾਲੇ ਦਹਾਕਿਆਂ ਵਿੱਚ ਇਹੀ ਮੰਚ ਦੇਸ਼ ਦੇ ਹਰ ਕੋਨੇ ਵਿੱਚ, ਹਰ ਹੱਥ ਵਿੱਚ ਮੌਜੂਦ ਮੋਬਾਈਲ ਫੋਨ ਦੇ ਅੰਦਰ ਵੱਸ ਜਾਵੇਗਾ।

ਨੈਸ਼ਨਲ ਪੇਮੈਂਟਸ ਕਾਰਪੋਰੇਸ਼ਨ ਆਫ਼ ਇੰਡੀਆ (ਐੱਨਪੀਸੀਆਈ) ਨੇ ਰਿਜ਼ਰਵ ਬੈਂਕ ਦੇ ਮਾਰਗਦਰਸ਼ਨ ਵਿੱਚ ਇਸ ਪ੍ਰਣਾਲੀ ਨੂੰ ਖੜ੍ਹਾ ਕੀਤਾ। ਇਸ ਦਾ ਸਭ ਤੋਂ ਵੱਡਾ ਕਮਾਲ ਇਹ ਰਿਹਾ ਹੈ ਕਿ ਇਸ ਨੇ ਵੱਖ-ਵੱਖ ਬੈਂਕਾਂ ਦੇ ਖਾਤਿਆਂ ਨੂੰ ਇੱਕ ਹੀ ਮੋਬਾਈਲ ਐਪਲੀਕੇਸ਼ਨ ਦੇ ਜ਼ਰੀਏ ਆਪਸ ਵਿੱਚ ਜੋੜ ਦਿੱਤਾ।

# ਸੁਰੱਖਿਆ ਦੀ ਮਜ਼ਬੂਤ ਚੌਕਸੀ

**ਜਿਵੇਂ-ਜਿਵੇਂ ਯੂਪੀਆਈ ਦਾ ਦਾਇਰਾ ਵਧਿਆ ਹੈ, ਓਵੇਂ-ਓਵੇਂ ਉਸ ਦੀ ਸੁਰੱਖਿਆ ਨੂੰ ਲੈ ਕੇ ਵੀ ਓਨੀ ਹੀ ਗੰਭੀਰਤਾ ਵਰਤੀ ਗਈ ਹੈ। ਸਰਕਾਰ, ਰਿਜ਼ਰਵ ਬੈਂਕ ਅਤੇ ਐੱਨਪੀਸੀਆਈ ਨੇ ਮਿਲ ਕੇ ਧੋਖਾਧੜੀ ਰੋਕਣ ਦੇ ਲਈ ਜੋਖਮ-ਅਧਾਰਿਤ ਲੈਣ-ਦੇਣ ਦੀਆਂ ਸੀਮਾਵਾਂ ਤੈਅ ਕੀਤੀਆਂ ਹਨ। ਮੋਬਾਈਲ ਨੰਬਰ ਵਿੱਚ ਅਣ-ਅਧਿਕਾਰਤ ਬਦਲਾਅ ਅਤੇ ਐੱਸਐੱਮਐੱਸ ਅਧਾਰਿਤ ਤਸਦੀਕ ਦੀ ਦੁਰਵਰਤੋਂ ਨੂੰ ਰੋਕਣ ਲਈ ਵਿਸ਼ੇਸ਼ ਸੁਰੱਖਿਆ ਕਦਮ ਚੁੱਕੇ ਗਏ ਹਨ। ਐੱਨਪੀਸੀਆਈ ਨੇ ਹਾਲ ਹੀ ਵਿੱਚ ਇੱਕ ਵਿਆਪਕ ਯੂਪੀਆਈ ਸੂਚਨਾ ਸੁਰੱਖਿਆ ਢਾਂਚਾ ਅਤੇ ਮੋਬਾਈਲ ਐਪਲੀਕੇਸ਼ਨ ਸੁਰੱਖਿਆ ਢਾਂਚਾ ਵੀ ਜਾਰੀ ਕੀਤਾ ਹੈ, ਤਾਂ ਜੋ ਕਰੋੜਾਂ ਉਪਭੋਗਤਾਵਾਂ ਦਾ ਭਰੋਸਾ ਬਣਿਆ ਰਹੇ।**

## ਸੁਰੱਖਿਅਤ ਅਤੇ ਪਾਰਦਰਸ਼ੀ ਭੁਗਤਾਨ...

- ਰਿਜ਼ਰਵ ਬੈਂਕ ਨੇ ਸਤੰਬਰ 2025 ਵਿੱਚ ਜਾਰੀ ਨਿਰਦੇਸ਼ਾਂ ਦੇ ਤਹਿਤ 1 ਅਪ੍ਰੈਲ 2026 ਤੋਂ ਯੂਪੀਆਈ, ਡੈਬਿਟ-ਕ੍ਰੈਡਿਟ ਕਾਰਡ ਅਤੇ ਮੋਬਾਈਲ ਵੌਲੇਟ ਸਮੇਤ ਸਾਰੇ ਡਿਜੀਟਲ ਭੁਗਤਾਨਾਂ ਲਈ ਟੂ-ਫੈਕਟਰ ਔਥੈਂਟੀਕੇਸ਼ਨ (2ਐੱਫਏ) ਲਾਜ਼ਮੀ ਕਰ ਦਿੱਤਾ ਹੈ।
- ਹੁਣ ਹਰ ਲੈਣ-ਦੇਣ ਨੂੰ ਘੱਟ ਤੋਂ ਘੱਟ ਦੋ ਵੱਖ-ਵੱਖ ਅਤੇ ਸੁਤੰਤਰ ਤਰੀਕਿਆਂ ਨਾਲ ਤਸਦੀਕ ਕਰਨਾ ਜ਼ਰੂਰੀ ਹੈ, ਜਿਵੇਂ ਪਿਨ, ਪਾਸਵਰਡ, ਓਟੀਪੀ ਜਾਂ ਬਾਇਓਮੈਟ੍ਰਿਕ ਪਛਾਣ ਵਿੱਚੋਂ ਕੋਈ ਦੋ।
- ਇਹ ਕਦਮ ਫਿਸ਼ਿੰਗ ਅਤੇ ਸਿਮ-ਸਵੈਪ ਵਰਗੀਆਂ ਧੋਖਾਧੜੀ ਦੀਆਂ ਵਧਦੀਆਂ ਘਟਨਾਵਾਂ ਨੂੰ ਦੇਖਦੇ ਹੋਏ ਚੁੱਕਿਆ ਗਿਆ ਹੈ, ਜਿੱਥੇ ਇਕੱਲੀ ਓਟੀਪੀ ਅਧਾਰਿਤ ਤਸਦੀਕ ਅਸੁਰੱਖਿਅਤ ਸਾਬਤ ਹੋ ਰਹੀ ਸੀ।

- ਰਿਜ਼ਰਵ ਬੈਂਕ ਦਾ ਮਕਸਦ ਸਾਫ਼ ਹੈ, ਸੁਰੱਖਿਆ ਦੀ ਇੱਕ ਵਾਧੂ ਪਰਤ ਜੋੜ ਕੇ ਅਣ-ਅਧਿਕਾਰਤ ਲੈਣ-ਦੇਣ ਖ਼ਤਮ ਕਰਨਾ ਅਤੇ ਡਿਜੀਟਲ ਭੁਗਤਾਨ ਪ੍ਰਣਾਲੀ ਵਿੱਚ ਜਨਤਾ ਦਾ ਭਰੋਸਾ ਹੋਰ ਮਜ਼ਬੂਤ ਕਰਨਾ।




ਨਾ ਕਾਰਡ ਨੰਬਰ ਯਾਦ ਰੱਖਣ ਦੀ ਜ਼ਰੂਰਤ, ਨਾ ਖਾਤਾ ਨੰਬਰ ਅਤੇ ਨਾ ਹੀ ਆਈਐੱਫਐੱਸਸੀ ਕੋਡ ਟਾਈਪ ਕਰਨ ਦਾ ਝੰਝਟ। ਬਸ ਇੱਕ ਵਰਚੁਅਲ ਪਤਾ, ਇੱਕ ਕਿਊਆਰ ਕੋਡ ਅਤੇ ਪੈਸਾ ਇੱਕ ਖਾਤੇ ਤੋਂ ਦੂਜੇ ਖਾਤੇ ਵਿੱਚ ਕੁਝ ਸਕਿੰਟਾਂ ਵਿੱਚ ਹੀ ਪਹੁੰਚ ਜਾਂਦਾ ਹੈ। ਇਹੀ ਨਹੀਂ ਹੁਣ ਤਾਂ ਦੇਸ਼ ਵਿੱਚ ਬਿਨਾਂ ਇੰਟਰਨੈੱਟ ਦੇ ਵੀ ਯੂਪੀਆਈ ਦੀ ਵਰਤੋਂ ਹੋ ਰਹੀ ਹੈ। UPI 123PAY ਦੀ ਵਰਤੋਂ ਕਰਕੇ UPI ਭੁਗਤਾਨ ਦੇ ਲਈ ਤੁਹਾਨੂੰ ਸਮਾਰਟਫੋਨ ਦੀ ਜ਼ਰੂਰਤ ਨਹੀਂ ਹੈ।

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਅਕਸਰ ਇਸ ਗੱਲ 'ਤੇ ਮਾਣ ਜਤਾਉਂਦੇ ਹਨ ਕਿ ਦੁਨੀਆ ਦੇ ਕੁੱਲ ਰੀਅਲ-ਟਾਈਮ ਡਿਜੀਟਲ ਭੁਗਤਾਨਾਂ ਵਿੱਚੋਂ ਲਗਭਗ ਅੱਧਾ ਹਿੱਸਾ ਇਕੱਲਾ ਭਾਰਤ ਯੂਪੀਆਈ ਰਾਹੀਂ ਸੰਭਾਲਦਾ ਹੈ। ਉਨ੍ਹਾਂ ਦੇ ਸ਼ਬਦਾਂ

ਵਿੱਚ ਇਹ ਸਿਰਫ਼ ਇੱਕ ਤਕਨੀਕੀ ਉਪਲਬਧੀ ਨਹੀਂ,ਸਗੋਂ ਦੇਸ਼ ਦੀ ਸਮਰੱਥਾ ਅਤੇ ਆਤਮ-ਨਿਰਭਰਤਾ ਦਾ ਪ੍ਰਤੀਕ ਹੈ।

ਯੂਨੀਫਾਈਡ ਪੇਮੈਂਟਸ ਇੰਟਰਫੇਸ (UPI) ਨੇ ਪਿਛਲੇ ਇੱਕ ਦਹਾਕੇ

# ਯੂਪੀਆਈ ਸਿਰਫ਼ ਭੁਗਤਾਨ ਨਹੀਂ ਨਵੀਨਤਾ ਦਾ ਨਵਾਂ ਚਿਹਰਾ

**ਯੂਪੀਆਈ ਦੀ ਇਹ ਯਾਤਰਾ ਇੱਥੇ ਹੀ ਨਹੀਂ ਰੁਕਦੀ। ਸਰਕਾਰ ਦਾ ਇਰਾਦਾ ਸਾਫ਼ ਹੈ, ਨਵੇਂ ਉਪਭੋਗਤਾਵਾਂ ਅਤੇ ਵਪਾਰੀਆਂ ਨੂੰ ਜੋੜਦੇ ਹੋਏ ਅਗਲੇ ਦਸ ਵਰ੍ਹਿਆਂ ਵਿੱਚ ਨਵੀਨਤਾ ਦੇ ਨਵੇਂ ਆਯਾਮ ਘੜ੍ਹਨਾ। ਬੀਤੇ ਸਾਲ ਭਰ ਵਿੱਚ ਹੀ ਯੂਪੀਆਈ ਨੇ ਕਈ ਨਵੇਂ ਕੀਰਤੀਮਾਨ ਸਥਾਪਿਤ ਕੀਤੇ ਹਨ। ਅਗਸਤ 2025 ਵਿੱਚ ਪਹਿਲੀ ਵਾਰ ਮਹੀਨਾਵਾਰ ਲੈਣ-ਦੇਣ ਦੋ ਹਜ਼ਾਰ ਕਰੋੜ ਦੇ ਪਾਰ ਪਹੁੰਚਿਆ ਤਾਂ ਦਸੰਬਰ 2025 ਵਿੱਚ ਇਹ ਅੰਕੜਾ ਹੋਰ ਅੱਗੇ ਵਧ ਗਿਆ। ਪੂਰੇ 2025 ਵਿੱਚ ਔਸਤਨ ਹਰ ਦਿਨ 60 ਕਰੋੜ ਲੈਣ-ਦੇਣ ਦਰਜ ਹੋਏ।**

ਦਿੱਲੀ ਦੀ ਸੜਕ 'ਤੇ ਆਪਣਾ ਠੇਲਾ ਲਗਾਉਣ ਵਾਲਾ ਵਿਕ੍ਰੇਤਾ, ਜੋ ਆਪਣੇ ਸਾਊਂਡ ਬੌਕਸ 'ਤੇ ਵਜਦੀ ਭੁਗਤਾਨ ਦੀ ਆਵਾਜ਼ ਸੁਣਦਾ ਹੈ, ਸ਼ਾਇਦ ਇਹ ਨਾ ਜਾਣਦਾ ਹੋਵੇ ਕਿ ਉਸ ਦੀ ਇਹ ਛੋਟੀ ਜਿਹੀ ਸੁਵਿਧਾ ਆਈਐੱਮਐੱਫ ਜਿਹੀ ਆਲਮੀ ਸੰਸਥਾ ਦੀ ਨਜ਼ਰ ਵਿੱਚ ਇੱਕ ਮਿਸਾਲ ਬਣ ਚੁੱਕੀ ਹੈ। ਲੇਕਿਨ ਉਸ ਦਾ ਰੋਜ਼ਾਨਾ ਦਾ ਭਰੋਸਾ, ਤੇਜ਼, ਸੁਰੱਖਿਅਤ ਅਤੇ ਬਿਨਾਂ ਨਕਦੀ ਦਾ ਲੈਣ-ਦੇਣ ਹੀ ਉਹ ਅਸਲੀ ਤਾਕਤ ਹੈ ਜਿਸ ਨੇ ਦੁਨੀਆ ਦਾ ਧਿਆਨ ਖਿੱਚਿਆ ਹੈ। ਯੂਪੀਆਈ ਹੁਣ ਸਿਰਫ਼ ਭੁਗਤਾਨ ਦਾ ਜ਼ਰੀਆ ਨਹੀਂ ਰਿਹਾ, ਇਹ ਭਾਰਤ ਦੇ ਨਵੀਨਤਾ ਦਾ ਚਿਹਰਾ ਹੈ, ਸਮਾਵੇਸ਼ੀ ਵਿਕਾਸ ਦਾ ਪ੍ਰਤੀਕ ਹੈ। ਨਕਦੀ ਤੋਂ ਡਿਜੀਟਲ ਵੱਲ ਵਧਣ ਦਾ ਸੁਪਨਾ ਦੇਖ ਰਹੇ ਸਾਰੇ ਦੇਸ਼ਾਂ ਦੇ ਲਈ ਇੱਕ ਵੱਡੀ ਉਮੀਦ ਹੈ। ਲਾਈਨ ਵਿੱਚ ਖੜ੍ਹੇ ਹੋ ਕੇ ਘੰਟਿਆਂ ਤੱਕ ਇੰਤਜ਼ਾਰ ਕਰਨ ਵਾਲਾ ਭਾਰਤ ਹੁਣ ਕਿਊਆਰ ਕੋਡ ਦੇ ਇੱਕ ਸਕੈਨ ਵਿੱਚ ਆਪਣਾ ਕੰਮ ਪੂਰਾ ਕਰ ਲੈਂਦਾ ਹੈ। ਇਹੀ ਹੈ ਨਵੇਂ ਭਾਰਤ ਦੀ ਭੁਗਤਾਨ ਕ੍ਰਾਂਤੀ ਸਰਲ, ਸੁਰੱਖਿਅਤ ਅਤੇ ਸਭ ਦੇ ਲਈ ਪਹੁੰਚਯੋਗ।




> *ਗਲੀ ਦੇ ਸਟ੍ਰੀਟ ਵੈਂਡਰ ਤੋਂ ਲੈ ਕੇ, ਤੁਹਾਡੀ ਗੱਡੀ ਦੇ ਸ਼ੋਅ ਰੂਮ ਤੱਕ, ਸਾਰੀ ਪੇਮੈਂਟਸ, ਸਿਰਫ਼ ਇੱਕ ਕਿਊਆਰ ਕੋਡ ਸਕੈਨ ਕਰਕੇ ਹੋ ਜਾਂਦੀ ਹੈ। ਕਈ ਵਾਰ ਤਾਂ ਤੁਹਾਡੀ ਬੇਟੀ ਕਿਊਆਰ ਸ਼ੇਅਰ ਕਰ ਦਿੰਦੀ ਹੈ ਕਿ 'ਪਾਪਾ-ਮਾਂ ਮੈਂ ਇਹ ਡ੍ਰੈੱਸ ਲੈ ਲਈ ਹੈ।' ਤੁਸੀਂ ਘਰ ਬੈਠੇ-ਬੈਠੇ ਉਸ ਦੀ ਸ਼ੌਪਿੰਗ ਕਰਵਾ ਦਿੰਦੇ ਹੋ। ਇਹ ਚੀਜਾਂ Remarkable ਹਨ। ਤੁਸੀਂ ਸੋਚੋ, 2014 ਤੋਂ ਪਹਿਲਾਂ ਅਜਿਹੀਆਂ ਕਿੰਨੀਆਂ ਹੀ ਗੱਲਾਂ ਕੀ ਪੌਸੀਬਲ ਸਨ?*
>
> **–ਨਰੇਂਦਰ ਮੋਦੀ, ਪ੍ਰਧਾਨ ਮੰਤਰੀ**



ਵਿੱਚ ਭਾਰਤ ਦੇ ਵਿੱਤੀ ਲੈਂਡਸਕੇਪ ਨੂੰ ਪੂਰੀ ਤਰ੍ਹਾਂ ਬਦਲ ਕੇ ਡਿਜੀਟਲ ਅਰਥਵਿਵਸਥਾ ਨੂੰ ਇੱਕ ਨਵੀਂ ਦਿਸ਼ਾ ਦਿੱਤੀ ਹੈ। ਵਿੱਤ ਮੰਤਰਾਲੇ ਦੇ ਅੰਕੜਿਆਂ ਦੇ ਅਨੁਸਾਰ, ਯੂਪੀਆਈ ਦੇ ਜ਼ਰੀਏ ਹੋਣ ਵਾਲੇ ਲੈਣ-ਦੇਣ ਦੀ ਗਿਣਤੀ ਵਿੱਚ ਲਗਭਗ 13 ਹਜ਼ਾਰ ਗੁਣਾ ਦਾ ਇਤਿਹਾਸਕ ਵਾਧਾ ਦਰਜ ਕੀਤਾ ਗਿਆ ਹੈ। ਵਿੱਤੀ ਵਰ੍ਹੇ 2016-17 ਵਿੱਚ ਜਿੱਥੇ ਯੂਪੀਆਈ

# ਯੂਪੀਆਈ ਦਾ ਸਫ਼ਰ....

- 2016: ਅਪ੍ਰੈਲ 2016 ਵਿੱਚ 21 ਮੈਂਬਰ ਬੈਂਕਾਂ ਨਾਲ ਪਾਇਲਟ ਪ੍ਰੋਜੈਕਟ ਲਾਂਚ ਕੀਤਾ ਗਿਆ ਸੀ।




- 25 ਅਗਸਤ 2016: ਆਮ ਜਨਤਾ ਦੇ ਲਈ ਸ਼ੁਰੂ ਕੀਤਾ ਗਿਆ। ਬੈਂਕਾਂ ਨੇ ਆਪਣੀਆਂ ਯੂਪੀਆਈ-ਸਮਰੱਥ ਮੋਬਾਈਲ ਐਪਲੀਕੇਸ਼ਨਾਂ ਗੂਗਲ ਪਲੇ ਸਟੋਰ 'ਤੇ ਉਪਲਬਧ ਕਰਵਾ ਦਿੱਤੀਆਂ ਸਨ।




- ਭੀਮ ਐਪਲੀਕੇਸ਼ਨ: ਦਸੰਬਰ 2016 ਵਿੱਚ ਯੂਪੀਆਈ ਦੀ ਵਰਤੋਂ ਕਰਕੇ ਡਿਜੀਟਲ ਭੁਗਤਾਨ ਨੂੰ ਸਮਰੱਥ ਬਣਾਉਣ ਲਈ ਲਾਂਚ ਕੀਤਾ ਗਿਆ।



- ਡਾਇਨੈਮਿਕ ਕਿਊਆਰ: 2017 ਵਿੱਚ ਸ਼ੁਰੂ ਹੋਇਆ ਇੱਕ ਰਿਟੇਲ ਮਰਚੈਂਟ ਪਲੈਟਫਾਰਮ ਹੈ, ਜੋ ਡਾਇਨੈਮਿਕ ਕਿਊਆਰ ਕੋਡ ਰਾਹੀਂ ਯੂਪੀਆਈ ਭੁਗਤਾਨ ਨੂੰ ਸਮਰੱਥ ਬਣਾਉਂਦਾ ਹੈ। ਇਸ ਵਿੱਚ ਭੁਗਤਾਨਕਰਤਾ ਦੀ ਜਾਣਕਾਰੀ ਅਤੇ ਸਟੀਕ ਯੋਗਫਲ ਸ਼ਾਮਲ ਹੁੰਦਾ ਹੈ, ਮੈਨੂਅਲ ਰਾਸ਼ੀ ਦਰਜ ਕਰਨ ਦੀ ਜ਼ਰੂਰਤ ਨਹੀਂ ਹੁੰਦੀ।



- ਵਰ੍ਹੇ 2018 ਵਿੱਚ ਡਿਜੀਟਲ ਭੁਗਤਾਨ ਨੂੰ ਸਰਲ, ਵਧੇਰੇ ਸੁਰੱਖਿਅਤ ਅਤੇ ਨਿਰਵਿਘਨ ਬਣਾਉਣ ਦੇ ਲਈ ਉੱਨਤ ਸੁਵਿਧਾਵਾਂ ਦੇ ਨਾਲ ਯੂਪੀਆਈ 2.0 ਲਾਗੂ ਕੀਤਾ ਗਿਆ।

- ਵਰ੍ਹੇ 2019 ਵਿੱਚ ਸੇਬੀ ਨੇ ਰਿਟੇਲ ਵਿਅਕਤੀਗਤ ਨਿਵੇਸ਼ਕਾਂ ਨੂੰ ਆਈਪੀਓ ਦੇ ਲਈ ਅਪਲਾਈ ਕਰਦੇ ਸਮੇਂ ਪੇਮੈਂਟ ਦੇ ਇੱਕ ਵਿਕਲਪ ਦੇ ਤੌਰ 'ਤੇ ਯੂਪੀਆਈ ਦੀ ਵਰਤੋਂ ਕਰਨ ਦੀ ਇਜਾਜ਼ਤ ਦਿੱਤੀ।
- ਅਕਤੂਬਰ 2019 ਵਿੱਚ ਯੂਪੀਆਈ ਨੇ ਇੱਕ ਮਹੀਨੇ ਵਿੱਚ ਇੱਕ ਅਰਬ ਲੈਣ-ਦੇਣ ਦੀ ਉਪਲਬਧੀ ਹਾਸਲ ਕੀਤੀ, ਜੋ ਦੇਸ਼ ਭਰ ਵਿੱਚ ਇਸ ਦੇ ਤੇਜ਼ੀ ਨਾਲ ਅਪਣਾਏ ਜਾਣ ਨੂੰ ਦਰਸਾਉਂਦਾ ਹੈ।
- ਸਬਸਕ੍ਰਿਪਸ਼ਨ, ਯੂਟੀਲਿਟੀ ਬਿਲ, ਬੀਮਾ ਪ੍ਰੀਮੀਅਮ, ਐੱਸਆਈਪੀ ਅਤੇ ਈਐੱਮਆਈ ਦੇ ਲਈ ਰੈਕਰਿੰਗ ਈ-ਪੇਮੈਂਟ ਨੂੰ ਸਪੋਰਟ ਕਰਨ ਦੇ ਲਈ ਯੂਪੀਆਈ ਆਟੋ ਪੇਅ ਲਾਂਚ ਕੀਤਾ ਗਿਆ।






ਨੋਟ: ਯੂਪੀਆਈ ਦੀ ਸਲਾਨਾ ਲੈਣ-ਦੇਣ ਮਾਤਰਾ (ਕਰੋੜ ਵਿੱਚ)

ਦੇ ਮਾਧਿਅਮ ਨਾਲ ਸਿਰਫ਼ 1 ਕਰੋੜ 78 ਹਜ਼ਾਰ ਲੈਣ-ਦੇਣ ਹੋਏ ਸਨ, ਉੱਥੇ ਹੀ 2025-26 ਤੱਕ ਇਹ ਅੰਕੜਾ ਬੇਮਿਸਾਲ ਉਛਾਲ ਦੇ ਨਾਲ 24,162 ਕਰੋੜ ਰੁਪਏ ਤੋਂ ਵੱਧ ਪਹੁੰਚ ਗਿਆ। ਲੈਣ-ਦੇਣ ਦੀ ਗਿਣਤੀ ਦੇ ਨਾਲ-ਨਾਲ ਇਸ ਦੀ ਕੁੱਲ ਕੀਮਤ ਵਿੱਚ ਜ਼ਬਰਦਸਤ ਮੁਨਾਫਾ ਹੋਇਆ ਹੈ। ਇਸੇ ਮਿਆਦ ਦੇ ਦੌਰਾਨ ਯੂਪੀਆਈ ਲੈਣ-ਦੇਣ ਦੀ ਕੁੱਲ ਕੀਮਤ 7 ਹਜ਼ਾਰ ਕਰੋੜ ਰੁਪਏ ਤੋਂ ਵਧ ਕੇ ਲਗਭਗ 314 ਲੱਖ ਕਰੋੜ ਰੁਪਏ ਦੇ ਵਿਸ਼ਾਲ ਪੱਧਰ 'ਤੇ ਪਹੁੰਚ ਗਈ ਹੈ। ਇਹ ਅਸਧਾਰਨ ਤਰੱਕੀ ਦਰਸਾਉਂਦੀ ਹੈ ਕਿ ਯੂਪੀਆਈ ਹੁਣ ਸਿਰਫ਼ ਤਕਨੀਕੀ ਵਿਕਲਪ ਨਾ ਰਹਿ ਕੇ ਭਾਰਤ ਦੇ ਆਮ ਜਨਤਕ ਜੀਵਨ, ਛੋਟੇ ਵਪਾਰੀਆਂ ਅਤੇ ਵੱਡੇ ਕਾਰੋਬਾਰਾਂ ਦੇ ਰੋਜ਼ਾਨਾ ਵਿੱਤੀ ਲੈਣ-ਦੇਣ ਦੀ ਰੀੜ੍ਹ ਦੀ ਹੱਡੀ ਬਣ

# ਯੂਪੀਆਈ ਲੈਣ-ਦੇਣ ਦੀ ਸੀਮਾ ਵਧਾ ਕੇ 5 ਲੱਖ ਰੁਪਏ ਪ੍ਰਤੀ ਲੈਣ-ਦੇਣ ਕੀਤੀ ਗਈ

- ਫੀਚਰ ਫੋਨ ਉਪਭੋਗਤਾਵਾਂ ਨੂੰ ਯੂਪੀਆਈ 123ਪੇਅ (UPI 123Pay) ਦੇ ਲਾਂਚ ਰਾਹੀਂ ਡਿਜੀਟਲ ਭੁਗਤਾਨ ਈਕੋਸਿਸਟਮ ਵਿੱਚ ਸ਼ਾਮਲ ਕੀਤਾ ਗਿਆ। ਇਹ ਇੰਟਰਐਕਟਿਵ ਵੌਇਸ ਰਿਸਪੌਂਸ (ਆਈਵੀਆਰ IVR) ਨੰਬਰ, ਐਪ-ਅਧਾਰਿਤ ਕਾਰਜ-ਸਮਰੱਥਾ, ਮਿਸਡ ਕਾਲ-ਅਧਾਰਿਤ ਦ੍ਰਿਸ਼ਟੀਕੋਣ ਅਤੇ ਨਜ਼ਦੀਕੀ ਆਵਾਜ਼-ਅਧਾਰਿਤ ਭੁਗਤਾਨ ਰਾਹੀਂ ਲੈਣ-ਦੇਣ ਦੀ ਇਜਾਜ਼ਤ ਦਿੰਦਾ ਹੈ।
- ਕ੍ਰੈਡਿਟ ਕਾਰਡ ਨੂੰ ਯੂਪੀਆਈ ਦੇ ਨਾਲ ਏਕੀਕ੍ਰਿਤ ਕਰਨ ਲਈ ਉਪਭੋਗਤਾਵਾਂ ਦੇ ਲਈ ਡਿਜੀਟਲ ਭੁਗਤਾਨ ਦੇ ਵਿਕਲਪ ਹੋਰ ਵੀ ਵਧ ਗਏ।
- ਵਰ੍ਹੇ 2023 ਵਿੱਚ ਯੂਪੀਆਈ 'ਤੇ ਕ੍ਰੈਡਿਟ ਲਾਈਨ ਦੀ ਸ਼ੁਰੂਆਤ ਕੀਤੀ ਗਈ।
- ਵਰ੍ਹੇ 2024 ਵਿੱਚ ਯੂਪੀਆਈ ਸਰਕਲ ਦੀ ਸ਼ੁਰੂਆਤ ਕੀਤੀ ਗਈ, ਜਿਸ ਨਾਲ ਪ੍ਰਾਇਮਰੀ ਉਪਭੋਗਤਾ ਆਪਣੇ ਬੈਂਕ ਖਾਤੇ 'ਤੇ ਪਹਿਲਾਂ ਤੋਂ ਨਿਰਧਾਰਿਤ ਲੈਣ-ਦੇਣ ਸੀਮਾਵਾਂ ਦੇ ਨਾਲ ਸੈਕੰਡਰੀ ਉਪਭੋਗਤਾਵਾਂ ਨੂੰ ਅਧਿਕਾਰਤ ਕਰ ਸਕਦੇ ਹਨ।
- ਵਰ੍ਹੇ 2024 ਵਿੱਚ ਆਰਬੀਆਈ (RBI) ਨੇ ਟੈਕਸ ਭੁਗਤਾਨ ਦੇ ਲਈ ਯੂਪੀਆਈ ਲੈਣ-ਦੇਣ ਦੀ ਸੀਮਾ 1 ਲੱਖ ਰੁਪਏ ਤੋਂ ਵਧਾ ਕੇ 5 ਲੱਖ ਰੁਪਏ ਪ੍ਰਤੀ ਲੈਣ-ਦੇਣ ਕਰ ਦਿੱਤੀ ਹੈ।
- ਯੂਪੀਆਈ 123ਪੇਅ ਲਈ ਪ੍ਰਤੀ ਲੈਣ-ਦੇਣ ਦੀ ਸੀਮਾ ਵਧਾ ਕੇ 10,000 ਰੁਪਏ ਕਰ ਦਿੱਤੀ ਗਈ ਹੈ।
- ਯੂਪੀਆਈ ਲਾਈਟ ਵੌਲੇਟ ਸੀਮਾ ਵਧਾ ਕੇ 5,000 ਰੁਪਏ ਕਰ ਦਿੱਤੀ ਗਈ ਹੈ, ਜਦਕਿ ਪ੍ਰਤੀ ਲੈਣ-ਦੇਣ ਦੀ ਸੀਮਾ ਵਧਾ ਕੇ 1,000 ਰੁਪਏ ਕਰ ਦਿੱਤੀ ਗਈ ਹੈ।
- ਵਰ੍ਹੇ 2025 ਵਿੱਚ ਯੂਪੀਆਈ ਦੇ ਲਈ ਔਨ-ਡਿਵਾਈਸ ਪ੍ਰਮਾਣੀਕਰਣ ਸ਼ੁਰੂ ਕੀਤਾ ਗਿਆ, ਜਿਸ ਨਾਲ ਸਮਾਰਟਫੋਨ ਫਿੰਗਰਪ੍ਰਿੰਟ ਜਾਂ ਫੇਸ ਅਨਲੌਕ ਰਾਹੀਂ ਭੁਗਤਾਨ ਕਰਨਾ ਸੰਭਵ ਹੋਇਆ।







ਨੋਟ: .ਯੂਪੀਆਈ ਦਾ ਸਲਾਨਾ ਲੈਣ-ਦੇਣ ਮੁੱਲ (ਲੱਖ ਕਰੋੜ ਰੁਪਏ ਵਿੱਚ)

ਚੁੱਕਿਆ ਹੈ। ਅਸਾਨ ਯੂਜ਼ਰ ਇੰਟਰਫੇਸ, ਤੁਰੰਤ ਭੁਗਤਾਨ ਦੀ ਸਹੂਲਤ, ਜ਼ੀਰੋ ਪ੍ਰਤੱਖ ਲਾਗਤ ਅਤੇ ਵਿਆਪਕ ਡਿਜੀਟਲ ਕਨੈਕਟੀਵਿਟੀ ਨੇ ਦੇਸ਼ ਦੇ ਦੂਰ-ਦੁਰਾਡੇ ਇਲਾਕਿਆਂ ਤੱਕ ਵਿੱਤੀ ਸਮਾਵੇਸ਼ ਨੂੰ ਤੇਜ਼ੀ ਨਾਲ ਪਹੁੰਚਾਇਆ ਹੈ। ਸਬਜ਼ੀ ਦੇ ਠੇਲੇ ਤੋਂ ਲੈ ਕੇ ਵੱਡੇ ਸ਼ੌਪਿੰਗ ਮੌਲਾਂ ਤੱਕ ਕਿਊਆਰ ਕੋਡ ਦੀ ਮੌਜੂਦਗੀ ਨੇ ਨਕਦੀ 'ਤੇ ਨਿਰਭਰਤਾ ਨੂੰ ਬਹੁਤ ਘਟਾ ਦਿੱਤਾ ਹੈ। ਯੂਪੀਆਈ ਦਾ ਇਹ ਤੇਜ਼ ਵਾਧਾ ਨਾ ਸਿਰਫ਼ ਭਾਰਤ ਦੇ ਡਿਜੀਟਲ ਪਬਲਿਕ ਇਨਫ੍ਰਾਸਟ੍ਰਕਚਰ (DPI) ਦੀ ਮਜ਼ਬੂਤੀ ਦਾ ਸਬੂਤ ਹੈ, ਸਗੋਂ ਵਿਸ਼ਵਵਿਆਪੀ ਪੱਧਰ 'ਤੇ ਵੀ ਡਿਜੀਟਲ ਭੁਗਤਾਨ ਦੇ ਖੇਤਰ ਵਿੱਚ ਭਾਰਤ ਨੂੰ ਇੱਕ ਮੋਹਰੀ ਰਾਸ਼ਟਰ ਦੇ ਰੂਪ ਵਿੱਚ ਸਥਾਪਿਤ ਕਰਦਾ ਹੈ। ■

**ਕੇਂਦਰੀ ਕੈਬਨਿਟ ਦੇ ਫ਼ੈਸਲੇ**

# ਚਾਰ ਮਲਟੀ ਟ੍ਰੈਕਿੰਗ ਅਤੇ
## ਇੱਕ ਹਾਈਵੇਅ ਪ੍ਰੋਜੈਕਟ ਨੂੰ ਮਨਜ਼ੂਰੀ

*ਰਾਸ਼ਟਰ ਦੇ ਵਿਕਾਸ ਲਈ ਜਿੱਥੇ ਨਵੀਆਂ ਰੇਲਵੇ ਲਾਈਨਾਂ ਵਿਛਾਈਆਂ ਜਾ ਰਹੀਆਂ ਹਨ, ਉੱਥੇ ਹੀ ਸਰਹੱਦੀ ਖੇਤਰਾਂ ਵਿੱਚ ਆਵਾਜਾਈ ਨੂੰ ਪਹੁੰਚਯੋਗ ਬਣਾਉਣ ਲਈ ਕੇਂਦਰ ਸਰਕਾਰ ਨਿਰੰਤਰ ਕੰਮ ਕਰ ਰਹੀ ਹੈ। ਇਸੇ ਕੜੀ ਵਿੱਚ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਅਗਵਾਈ ਹੇਠ 19 ਅਗਸਤ ਨੂੰ ਹੋਈ ਕੇਂਦਰੀ ਕੈਬਨਿਟ ਦੀ ਮੀਟਿੰਗ ਵਿੱਚ ਪੱਛਮੀ ਬੰਗਾਲ, ਓਡੀਸ਼ਾ, ਤਮਿਲ ਨਾਡੂ ਅਤੇ ਆਂਧਰ ਪ੍ਰਦੇਸ਼ ਦੇ ਅੱਠ ਜ਼ਿਲ੍ਹਿਆਂ ਨੂੰ ਕਵਰ ਕਰਨ ਵਾਲੀਆਂ ਚਾਰ ਮਲਟੀ ਟ੍ਰੈਕਿੰਗ ਅਤੇ ਬਿਹਾਰ ਵਿੱਚ ਰਾਸ਼ਟਰੀ ਰਾਜਮਾਰਗ (ਐੱਨਐੱਚ)-22 ਦੇ ਮੁਜ਼ੱਫਰਪੁਰ-ਸੀਤਾਮੜ੍ਹੀ-ਸੋਨਬਰਸਾ ਸੈਕਸ਼ਨਾਂ ਨੂੰ ਚਾਰ ਲੇਨ ਵਿੱਚ ਅੱਪਗ੍ਰੇਡ ਕਰਨ ਦੇ ਪ੍ਰਸਤਾਵ ਨੂੰ ਦਿੱਤੀ ਗਈ ਮਨਜ਼ੂਰੀ ...*



*ਬਿਹਾਰ ਦੇ ਸਰਬਪੱਖੀ ਵਿਕਾਸ ਦੇ ਸਾਡੇ ਯਤਨਾਂ ਵਿੱਚ ਕਨੈਕਟੀਵਿਟੀ ਦਾ ਤੇਜ਼ ਵਿਸਤਾਰ ਬਹੁਤ ਜ਼ਰੂਰੀ ਹੈ। ਇਸੇ ਦਿਸ਼ਾ ਵਿੱਚ ਸਾਡੀ ਸਰਕਾਰ ਨੇ NH-22 ਦੇ ਮੁਜ਼ੱਫ਼ਰਪੁਰ-ਸੀਤਾਮੜ੍ਹੀ-ਸੋਨਬਰਸਾ ਸੈਕਸ਼ਨ 'ਤੇ 4-ਲੇਨ ਦੇ ਨਿਰਮਾਣ ਨੂੰ ਮਨਜ਼ੂਰੀ ਦਿੱਤੀ ਹੈ। ਪੂਰੇ ਰਾਜ ਦੇ ਲਈ ਲਾਈਫ਼ ਲਾਈਨ ਸਾਬਤ ਹੋਣ ਵਾਲੇ ਇਸ ਪ੍ਰੋਜੈਕਟ ਨਾਲ ਪ੍ਰਗਤੀ ਦਾ ਇੱਕ ਨਵਾਂ ਅਧਿਆਏ ਸ਼ੁਰੂ ਹੋਣ ਵਾਲਾ ਹੈ। ਇਸ ਨਾਲ ਜਿੱਥੇ ਸਫ਼ਰ ਵਿੱਚ ਲੱਗਣ ਵਾਲਾ ਸਮਾਂ ਬਚੇਗਾ, ਉੱਥੇ ਹੀ ਆਰਥਿਕ ਗਤੀਵਿਧੀਆਂ ਅਤੇ ਟੂਰਿਜ਼ਮ ਨੂੰ ਵੀ ਹੁਲਾਰਾ ਮਿਲੇਗਾ* **–ਨਰੇਂਦਰ ਮੋਦੀ, ਪ੍ਰਧਾਨ ਮੰਤਰੀ**

**ਫ਼ੈਸਲਾ: ਬਿਹਾਰ ਵਿੱਚ ਐੱਨਐੱਚ-22 ਦੇ ਮੁਜ਼ੱਫਰਪੁਰ-ਸੀਤਾਮੜ੍ਹੀ-ਸੋਨਬਰਸਾ ਸੈਕਸ਼ਨ ਨੂੰ ਚਾਰ-ਲੇਨ ਵਿੱਚ ਅੱਪਗ੍ਰੇਡ ਕਰਨ ਦੀ ਪ੍ਰਵਾਨਗੀ।**

**ਪ੍ਰਭਾਵ:**

- ਇਸ ਪ੍ਰੋਜੈਕਟ ਦਾ ਵਿਕਾਸ ਹਾਈਬ੍ਰਿਡ ਐਨੂਇਟੀ ਮੋਡ ਦੇ ਤਹਿਤ ਕੀਤਾ ਜਾਵੇਗਾ ਅਤੇ ਇਸ ਦੀ ਕੁੱਲ ਲਾਗਤ 3,590.73 ਕਰੋੜ ਰੁਪਏ ਹੋਵੇਗੀ।
- ਪ੍ਰੋਜੈਕਟ ਨਾਲ ਮੁਜ਼ੱਫਰਪੁਰ, ਮੁਕਸੂਦਪੁਰ, ਰੁੰਨੀ ਸੈਦਪੁਰ, ਬੁੰਮਾ, ਦੁਮਰਾ, ਭੁਤਹੀ ਅਤੇ ਸੋਨਬਰਸਾ ਦੇ ਸੰਘਣੀ ਆਬਾਦੀ ਵਾਲੇ ਖੇਤਰਾਂ ਵਿੱਚ ਟ੍ਰੈਫਿਕ ਦੀ ਭੀੜ ਨੂੰ ਘੱਟ ਕਰਨ ਵਿੱਚ ਮਦਦ ਮਿਲੇਗੀ।
- ਪ੍ਰੋਜੈਕਟ ਨਾਲ ਯਾਤਰੀਆਂ ਅਤੇ ਮਾਲ ਦੀ ਤੇਜ਼ ਅਤੇ ਸੁਰੱਖਿਅਤ ਆਵਾਜਾਈ, ਯਾਤਰਾ ਕੁਸ਼ਲਤਾ ਵਿੱਚ ਸੁਧਾਰ ਅਤੇ ਖੇਤਰੀ ਸੰਪਰਕ ਨੂੰ ਮਜ਼ਬੂਤ ਕਰਨ ਵਿੱਚ ਮਦਦ ਮਿਲੇਗੀ।
- ਬਿਹਤਰ ਕਨੈਕਟੀਵਿਟੀ ਨਾਲ ਬੋਧੀ ਸਰਕਟ ਅਤੇ ਸੀਤਾਮੜ੍ਹੀ ਸਥਿਤ ਇਤਿਹਾਸਕ ਜਾਨਕੀ ਪੁਨੌਰਾ ਧਾਮ ਮੰਦਿਰ ਵਰਗੇ ਮਹੱਤਵਪੂਰਨ ਸੱਭਿਆਚਾਰਕ ਅਤੇ ਧਾਰਮਿਕ ਸਥਾਨਾਂ ਤੱਕ ਬਿਹਤਰ ਪਹੁੰਚ ਉਪਲਬਧ ਹੋਵੇਗੀ।

**ਫ਼ੈਸਲਾ: ਪੱਛਮੀ ਬੰਗਾਲ, ਓਡੀਸ਼ਾ, ਤਮਿਲ ਨਾਡੂ ਅਤੇ ਆਂਧਰ ਪ੍ਰਦੇਸ਼ ਦੇ ਅੱਠ ਜ਼ਿਲ੍ਹਿਆਂ ਨੂੰ ਕਵਰ ਕਰਨ ਵਾਲੇ ਰੇਲਵੇ ਦੇ ਚਾਰ ਮਲਟੀਟ੍ਰੈਕਿੰਗ ਪ੍ਰੋਜੈਕਟਾਂ ਨੂੰ ਮਨਜ਼ੂਰੀ।**

**ਪ੍ਰਭਾਵ :** ਵਧੀ ਹੋਈ ਲਾਈਨ ਸਮਰੱਥਾ ਨਾਲ ਆਵਾਜਾਈ ਵਿੱਚ ਮਹੱਤਵਪੂਰਨ ਸੁਧਾਰ ਹੋਵੇਗਾ, ਜਿਸ ਦੇ ਨਤੀਜੇ ਵਜੋਂ ਭਾਰਤੀ ਰੇਲ ਦੀ ਸੰਚਾਲਨ ਕੁਸ਼ਲਤਾ ਅਤੇ ਸੇਵਾ ਭਰੋਸੇਯੋਗਤਾ ਵਿੱਚ ਵਾਧਾ ਹੋਵੇਗਾ। ਇਨ੍ਹਾਂ ਬਹੁ-ਟ੍ਰੈਕਿੰਗ ਪ੍ਰੋਜੈਕਟਾਂ ਨਾਲ ਸੰਚਾਲਨ ਦੇ ਸੁਚਾਰੂ ਹੋਣ ਅਤੇ ਭੀੜ-ਭੜੱਕੇ ਵਿੱਚ ਕਮੀ ਆਉਣ ਦੀ ਉਮੀਦ ਹੈ।

- ਇਨ੍ਹਾਂ ਮਲਟੀ-ਟ੍ਰੈਕਿੰਗ ਪ੍ਰੋਜੈਕਟਾਂ ਨਾਲ ਭਾਰਤੀ ਰੇਲ ਦੇ ਮੌਜੂਦਾ ਨੈੱਟਵਰਕ ਵਿੱਚ ਲਗਭਗ 410 ਕਿਲੋਮੀਟਰ ਦਾ ਵਾਧਾ ਹੋਵੇਗਾ। ਇਸ ਨਾਲ ਲਗਭਗ 6,448 ਪਿੰਡਾਂ ਦੀ ਕਨੈਕਟੀਵਿਟੀ ਵਿੱਚ ਸੁਧਾਰ ਹੋਵੇਗਾ, ਜਿਨ੍ਹਾਂ ਦੀ ਆਬਾਦੀ ਲਗਭਗ 60 ਲੱਖ ਹੈ।
- ਪ੍ਰੋਜੈਕਟਾਂ ਦੀ ਕੁੱਲ ਅਨੁਮਾਨਿਤ ਲਾਗਤ 9,450 ਕਰੋੜ ਰੁਪਏ ਹੈ, ਜਿਨ੍ਹਾਂ ਨੂੰ 2030-31 ਤੱਕ ਪੂਰਾ ਕੀਤਾ ਜਾਣਾ ਹੈ।

**ਇਨ੍ਹਾਂ ਪ੍ਰੋਜੈਕਟਾਂ ਵਿੱਚ ਸ਼ਾਮਲ ਹਨ:**

1. ਖੜਗਪੁਰ - ਭਦ੍ਰਕ (ਰਾਨੀਤਾਲ) ਚੌਥੀ ਲਾਈਨ - 173 ਕਿਲੋਮੀਟਰ (ਪੱਛਮ ਬੰਗਾਲ ਅਤੇ ਓਡੀਸ਼ਾ)
2. ਭਦ੍ਰਕ - ਹਰਿਦਾਸਪੁਰ ਚੌਥੀ ਲਾਈਨ - 75 ਕਿਲੋਮੀਟਰ (ਓਡੀਸ਼ਾ)
3. ਗੁਮਿਡੀਪੁੰਡੀ - ਗੁਡੂਰ ਤੀਜੀ ਅਤੇ ਚੌਥੀ ਲਾਈਨ - 90 ਕਿਲੋਮੀਟਰ (ਆਂਧਰ ਪ੍ਰਦੇਸ਼ ਅਤੇ ਤਮਿਲ ਨਾਡੂ)
4. ਡੀ. ਕਟਕ - ਪਾਰਾਦੀਪ (ਬੜਾਬੰਧਾ) ਤੀਜੀ ਅਤੇ ਚੌਥੀ ਲਾਈਨ - 72 ਕਿਲੋਮੀਟਰ (ਓਡੀਸ਼ਾ)

ਕੈਬਨਿਟ ਦੇ ਫ਼ੈਸਲਿਆਂ 'ਤੇ ਪ੍ਰੈੱਸ ਬ੍ਰੀਫਿੰਗ ਦੇਖਣ ਦੇ ਲਈ QR ਕੋਡ ਸਕੈਨ ਕਰੋ।



ਪ੍ਰਧਾਨ ਮੰਤਰੀ ਜਨ ਆਰੋਗਯ ਯੋਜਨਾ
ਆਯੁਸ਼ਮਾਨ ਭਾਰਤ
PM-JAY

## ਸਿਹਤ ਸੁਰੱਖਿਆ ਦੀ ਇਤਿਹਾਸਕ ਕ੍ਰਾਂਤੀ

# 'ਆਯੁਸ਼ਮਾਨ ਭਾਰਤ' ਸਿਹਤਮੰਦ-ਸਸ਼ਕਤ ਹੁੰਦਾ ਨਵਾਂ ਭਾਰਤ

*'ਆਯੁਸ਼ਮਾਨ ਭਾਰਤ ਯੋਜਨਾ' ਅੱਜ ਦੇਸ਼ ਦੇ ਕਰੋੜਾਂ ਪਰਿਵਾਰਾਂ ਲਈ ਜੀਵਨ-ਰੱਖਿਅਕ ਸਾਬਤ ਹੋ ਰਹੀ ਹੈ।23 ਸਤੰਬਰ 2018 ਤੋਂ ਸ਼ੁਰੂ ਹੋਈ ਇਸ ਯੋਜਨਾ ਦੇ ਤਹਿਤ ਦੇਸ਼ ਦੇ 60 ਕਰੋੜ ਤੋਂ ਵੱਧ ਨਾਗਰਿਕਾਂ ਨੂੰ ਹਰ ਸਾਲ 5 ਲੱਖ ਰੁਪਏ ਤੱਕ ਦੇ ਕੈਸ਼ਲੈੱਸ ਇਲਾਜ ਦੀ ਗਰੰਟੀ ਮਿਲ ਰਹੀ ਹੈ। ਹੁਣ ਤੱਕ 47 ਕਰੋੜ ਤੋਂ ਵੱਧ ਆਯੁਸ਼ਮਾਨ ਕਾਰਡ ਜਾਰੀ ਹੋ ਚੁੱਕੇ ਹਨ ਅਤੇ 11 ਕਰੋੜ ਤੋਂ ਵੱਧ ਮਰੀਜ਼ਾਂ ਨੂੰ ਮੁਫ਼ਤ ਇਲਾਜ ਦੇ ਕੇ ਲਾਭਪਾਤਰੀ ਪਰਿਵਾਰਾਂ ਨੂੰ ਆਰਥਿਕ ਸੰਕਟ ਤੋਂ ਉਭਾਰਿਆ ਗਿਆ ਹੈ। ਹਰ ਨਾਗਰਿਕ ਤੱਕ ਬਿਹਤਰ ਇਲਾਜ ਪਹੁੰਚਾ ਕੇ ਇਹ ਯੋਜਨਾ 'ਸਿਹਤਮੰਦ ਅਤੇ ਸਮ੍ਰਿੱਧ ਭਾਰਤ' ਦਾ ਸੁਪਨਾ ਕਰ ਰਹੀ ਹੈ ਸਾਕਾਰ...*

ਇੱਕ ਸਮਾਂ ਸੀ ਜਦੋਂ ਬਿਮਾਰੀ ਸਿਰਫ਼ ਸਰੀਰ ਨੂੰ ਹੀ ਨਹੀਂ, ਪੂਰੇ ਪਰਿਵਾਰ ਦੀ ਆਰਥਿਕ ਰੀੜ੍ਹ ਦੀ ਹੱਡੀ ਨੂੰ ਤੋੜ ਦਿੰਦੀ ਸੀ। ਹਸਪਤਾਲ ਦੇ ਦਰਵਾਜੇ'ਤੇ ਖੜ੍ਹੇ ਗ਼ਰੀਬ ਨੂੰ ਇਲਾਜ ਲਈ ਆਪਣੀ ਜ਼ਮੀਨ ਅਤੇ ਗਹਿਣੇ ਗਿਰਵੀ ਰੱਖਣੇ ਪੈਂਦੇ ਸਨ। ਪਰ ਬੀਤੇ ਵਰ੍ਹਿਆਂ ਵਿੱਚ ਭਾਰਤ ਨੇ ਸਿਹਤ ਦੇ ਖੇਤਰ ਵਿੱਚ ਇੱਕ ਨਵੇਂ ਯੁੱਗ ਦੀ ਸ਼ੁਰੂਆਤ ਕੀਤੀ ਹੈ। 'ਆਯੁਸ਼ਮਾਨ ਭਾਰਤ' ਯੋਜਨਾ ਸਿਰਫ਼ ਇੱਕ ਸਰਕਾਰੀ ਪ੍ਰੋਗਰਾਮ ਨਹੀਂ, ਸਗੋਂ ਦੇਸ਼ ਦੇ ਕਰੋੜਾਂ ਗ਼ਰੀਬ ਅਤੇ ਵਾਂਝੇ ਪਰਿਵਾਰਾਂ ਲਈ ਗੁਣਵੱਤਾਪੂਰਨ ਸਿਹਤ ਦੀ ਗਰੰਟੀ ਬਣੀ ਹੈ।



*"ਇਹ ਇੱਕ ਅਜਿਹੀ ਪਹਿਲ ਸੀ ਜਿਸ ਨੇ ਭਵਿੱਖ ਦੀਆਂ ਜ਼ਰੂਰਤਾਂ ਦਾ ਮੁਲਾਂਕਣ ਕੀਤਾ ਅਤੇ ਲੋਕਾਂ ਦੇ ਲਈ ਉੱਚ-ਗੁਣਵੱਤਾ ਵਾਲੀਆਂ ਅਤੇ ਕਿਫਾਇਤੀ ਸਿਹਤ ਸੇਵਾਵਾਂ ਯਕੀਨੀ ਬਣਾਉਣ 'ਤੇ ਧਿਆਨ ਕੇਂਦ੍ਰਿਤ ਕੀਤਾ। ਇਸ ਦੇ ਕਾਰਨ ਭਾਰਤ ਜਨਤਕ ਸਿਹਤ ਸੇਵਾ ਵਿੱਚ ਕ੍ਰਾਂਤੀ ਦਾ ਗਵਾਹ ਬਣ ਰਿਹਾ ਹੈ। ਇਸ ਯੋਜਨਾ ਨੇ ਲਾਭਪਾਤਰੀਆਂ ਲਈ ਵਿੱਤੀ ਸੁਰੱਖਿਆ ਅਤੇ ਸਨਮਾਨ ਨੂੰ ਯਕੀਨੀ ਬਣਾਇਆ ਹੈ।*

***– ਨਰੇਂਦਰ ਮੋਦੀ, ਪ੍ਰਧਾਨ ਮੰਤਰੀ***






**ਆਯੁਸ਼ਮਾਨ ਕਾਰਡ ਜਾਰੀ**

**ਕੁੱਲ -47.26+ ਕਰੋੜ**

- ਪੁਰਸ਼ 23.91+ ਕਰੋੜ
- ਮਹਿਲਾਵਾਂ 23.35+ ਕਰੋੜ
- ਹੋਰ 3.55+ ਲੱਖ

**ਹਸਪਤਾਲਾਂ ਵਿੱਚ ਦਾਖਲ ਹੋਏ ਮਰੀਜ਼ਾਂ ਦੀ ਗਿਣਤੀ...**

**ਕੁੱਲ 11.35+ ਕਰੋੜ**

- ਪੁਰਸ਼ 5.46+ ਕਰੋੜ
- ਮਹਿਲਾਵਾਂ 5.28+ ਕਰੋੜ
- ਹੋਰ 23.68 ਹਜ਼ਾਰ



## ਰਜਿਸਟਰਡ ਹਸਪਤਾਲ




**ਕੁੱਲ-38,665**

- 20,382 ਸਰਕਾਰੀ
- 18,283 ਨਿਜੀ

## ਏਬੀ-ਪੀਐੱਮਜੇਏਵਾਈ ਨਾਲ ਜੁੜੇ ਮਹੱਤਵਪੂਰਨ ਤੱਥ...

- ਆਯੁਸ਼ਮਾਨ ਭਾਰਤ-ਪ੍ਰਧਾਨ ਮੰਤਰੀ ਜਨ ਆਰੋਗਯ ਯੋਜਨਾ ਦੀ ਸ਼ੁਰੂਆਤ 23 ਸਤੰਬਰ 2018 ਨੂੰ ਝਾਰਖੰਡ ਤੋਂ ਹੋਈ ਸੀ।
- ਇਸ ਯੋਜਨਾ ਨੇ ਸਿਹਤ ਬੀਮੇ 'ਤੇ ਸਰਕਾਰੀ ਖਰਚਾ ਵਧਾ ਕੇ ਪਰਿਵਾਰਾਂ ਦੇ ਸਿਹਤ ਸੰਭਾਲ ਦੇ ਖਰਚੇ ਨੂੰ ਘੱਟ ਕਰਨ ਵਿੱਚ ਮਦਦ ਕੀਤੀ ਹੈ। ਪਰਿਵਾਰਾਂ ਨੂੰ 2024-2025 ਵਿੱਚ 1.25 ਲੱਖ ਕਰੋੜ ਰੁਪਏ ਤੋਂ ਵੱਧ ਦੀ ਬੱਚਤ ਹੋਈ।
- ਏਬੀ-ਪੀਐੱਮਜੇਏਵਾਈ ਲਈ ਬਜਟ ਅਨੁਮਾਨ 2026-27 ਵਿੱਚ ਵਧਾ ਕੇ 9,500 ਕਰੋੜ ਰੁਪਏ ਕੀਤਾ ਗਿਆ ਹੈ, ਜੋ ਵਿੱਤੀ ਵਰ੍ਹੇ 2025-26 ਦੇ ਮੁਕਾਬਲੇ 500 ਕਰੋੜ ਰੁਪਏ ਜ਼ਿਆਦਾ ਹੈ।
- ਯੋਜਨਾ ਦੇ ਤਹਿਤ ਸੈਕੰਡਰੀ ਅਤੇ ਤੀਜੇ ਪੱਧਰ ਦੇ ਹਸਪਤਾਲ ਵਿੱਚ ਭਰਤੀ ਹੋ ਕੇ ਇਲਾਜ ਲਈ ਪ੍ਰਤੀ ਪਰਿਵਾਰ ਪ੍ਰਤੀ ਵਰ੍ਹੇ 5 ਲੱਖ ਰੁਪਏ ਤੱਕ ਦਾ ਸਿਹਤ ਬੀਮਾ ਕਵਰੇਜ ਪ੍ਰਦਾਨ ਕੀਤਾ ਜਾਂਦਾ ਹੈ।
- ਮਾਰਚ 2024 ਵਿੱਚ ਇਸ ਯੋਜਨਾ ਦਾ ਵਿਸਤਾਰ ਕਰਦੇ ਹੋਏ ਮਾਨਤਾ ਪ੍ਰਾਪਤ ਸਮਾਜਿਕ ਸਿਹਤ ਵਰਕਰਾਂ (ਆਸ਼ਾ), ਆਂਗਣਵਾੜੀ ਵਰਕਰਾਂ ਅਤੇ ਆਂਗਣਵਾੜੀ ਹੈਲਪਰਾਂ ਦੇ ਲਗਭਗ 37 ਲੱਖ ਪਰਿਵਾਰਾਂ ਨੂੰ ਇਸ ਵਿੱਚ ਸ਼ਾਮਲ ਕੀਤਾ ਗਿਆ।
- ਅਕਤੂਬਰ 2024 ਵਿੱਚ ਯੋਜਨਾ ਦਾ ਹੋਰ ਵਿਸਤਾਰ ਕਰਦੇ ਹੋਏ 70 ਵਰ੍ਹਿਆਂ ਜਾਂ ਉਸ ਤੋਂ ਵੱਧ ਉਮਰ ਦੇ 6 ਕਰੋੜ ਸੀਨੀਅਰ ਨਾਗਰਿਕਾਂ, ਜੋ 4.5 ਕਰੋੜ ਪਰਿਵਾਰਾਂ ਨਾਲ ਸਬੰਧਿਤ ਹਨ, ਨੂੰ ਉਨ੍ਹਾਂ ਦੀ ਸਮਾਜਿਕ-ਆਰਥਿਕ ਸਥਿਤੀ ਦੀ ਪਰਵਾਹ ਕੀਤੇ ਬਿਨਾ ਯੋਜਨਾ ਦੇ ਦਾਇਰੇ ਵਿੱਚ ਸ਼ਾਮਲ ਕੀਤਾ ਗਿਆ।
- ਨੈਸ਼ਨਲ ਹੈਲਥ ਅਕਾਉਂਟ ਅਨੁਮਾਨ 2022-23 ਦੇ ਅਨੁਸਾਰ, ਕੁੱਲ ਸਿਹਤ ਖਰਚੇ ਵਿੱਚ ਜੇਬ੍ਹ 'ਤੋਂ ਹੋਣ ਵਾਲੇ ਖਰਚੇ ਦਾ ਅਨੁਪਾਤ 2014-15 ਦੇ 62.6 ਪ੍ਰਤੀਸ਼ਤ ਤੋਂ ਘਟ ਕੇ 2022-23 ਵਿੱਚ 43.4 ਪ੍ਰਤੀਸ਼ਤ ਰਹਿ ਗਿਆ ਹੈ।

ਗੰਭੀਰ ਬਿਮਾਰੀਆਂ ਦੇ ਇਲਾਜ ਤੋਂ ਲੈ ਕੇ ਆਧੁਨਿਕ ਸਰਜਰੀ ਤੱਕ, 5 ਲੱਖ ਰੁਪਏ ਤੱਕ ਦੇ ਮੁਫ਼ਤ ਇਲਾਜ ਨੇ ਆਮ ਨਾਗਰਿਕ ਨੂੰ ਸਨਮਾਨ ਨਾਲ ਜੀਉਣ ਦਾ ਅਧਿਕਾਰ ਦਿੱਤਾ ਹੈ। ਦੇਸ਼ ਭਰ ਦੇ ਹਜ਼ਾਰਾਂ ਨਿਜੀ ਅਤੇ ਸਰਕਾਰੀ ਸੂਚੀਬੱਧ ਹਸਪਤਾਲਾਂ ਵਿੱਚ ਤਕਨਾਲੋਜੀ ਅਤੇ ਪਾਰਦਰਸ਼ਿਤਾ ਦੇ ਸੰਗਮ ਨਾਲ ਅੱਜ ਪਿੰਡਾਂ-ਕਸਬਿਆਂ ਦੇ ਲੋਕ ਵੀ ਵੱਡੇ ਨਿਜੀ ਅਤੇ ਸਰਕਾਰੀ ਹਸਪਤਾਲਾਂ ਵਿੱਚ ਬਿਨਾ ਇੱਕ ਵੀ ਪੈਸਾ ਖਰਚ ਕੀਤੇ ਉੱਚ-ਪੱਧਰੀ ਇਲਾਜ ਪ੍ਰਾਪਤ ਕਰ ਰਹੇ ਹਨ। 70 ਸਾਲ ਤੋਂ ਵੱਧ ਉਮਰ ਦੇ ਬਜ਼ੁਰਗਾਂ ਨੂੰ ਵੀ ਇਸ ਸੁਰੱਖਿਆ ਚੱਕਰ ਵਿੱਚ ਜੋੜ ਕੇ ਯੋਜਨਾ ਨੇ ਸੰਵੇਦਨਸ਼ੀਲਤਾ ਦੀ ਨਵੀਂ ਮਿਸਾਲ ਪੇਸ਼ ਕੀਤੀ ਹੈ। 'ਆਯੁਸ਼ਮਾਨ ਭਾਰਤ' ਨੇ ਇਹ ਸਾਬਤ ਕਰ ਦਿੱਤਾ ਹੈ ਕਿ ਜਦੋਂ ਨੀਤੀ ਵਿੱਚ ਜਨਤਕ ਭਲਾਈ ਅਤੇ ਨੀਅਤ ਵਿੱਚ ਨਿਸ਼ਠਾ ਹੋਵੇ, ਤਾਂ ਹਰ ਨਾਗਰਿਕ ਤੱਕ ਸਿਹਤ ਸੇਵਾ ਦਾ ਅਧਿਕਾਰ ਯਕੀਨੀ ਬਣਾਇਆ ਜਾ ਸਕਦਾ ਹੈ।



# ਪੋਸ਼ਿਤ ਭਾਰਤ ਸਿਹਤਮੰਦ ਭਾਰਤ

ਸਸ਼ਕਤ ਅਤੇ ਆਤਮਨਿਰਭਰ ਰਾਸ਼ਟਰ ਦੀ ਨੀਂਹ ਪੋਸ਼ਿਤ ਅਤੇ ਸਿਹਤਮੰਦ ਨਾਗਰਿਕਾਂ 'ਤੇ ਟਿਕੀ ਹੋਈ ਹੈ। ਇਸੇ ਸੰਕਲਪ ਦੇ ਨਾਲ ਮਹਿਲਾ ਅਤੇ ਬਾਲ ਵਿਕਾਸ ਮੰਤਰਾਲਾ ਹਰ ਵਰ੍ਹੇ ਸਤੰਬਰ ਨੂੰ 'ਰਾਸ਼ਟਰੀਯ ਪੋਸ਼ਣ ਮਾਹ' ਦੇ ਰੂਪ ਵਿੱਚ ਮਨਾਉਂਦਾ ਹੈ। ਜਨਤਕ-ਅੰਦੋਲਨ ਦੇ ਤੌਰ 'ਤੇ ਮਨਾਏ ਜਾਣ ਵਾਲੇ 9ਵੇਂ ਰਾਸ਼ਟਰੀਯ ਪੋਸ਼ਣ ਮਾਹ ਦਾ ਵਿਸ਼ਾ "ਹਮਾਰੀ ਆਂਗਣਵਾੜੀ ਹਮਾਰੀ ਜ਼ਿੰਮੇਦਾਰੀ" ਰੱਖਿਆ ਗਿਆ ਹੈ। ਇਹ ਰਾਸ਼ਟਰੀ ਅਭਿਆਨ ਸਿਰਫ਼ ਪੋਸ਼ਣ ਵੰਡ ਤੱਕ ਸੀਮਤ ਨਹੀਂ ਹੈ, ਸਗੋਂ ਮਾਵਾਂ ਦੇ ਸਸ਼ਕਤੀਕਰਣ ਨੂੰ ਭਾਈਚਾਰਕ ਮਲਕੀਅਤ ਨਾਲ ਜੋੜ ਕੇ ਇੱਕ ਸ਼ਿਹਤਮੰਦ ਅਤੇ ਸਮਰੱਥ ਭਾਰਤ ਦਾ ਰਾਹ ਕਰ ਰਿਹਾ ਹੈ ਪੱਧਰਾ...

ਭਾਰਤ ਵਿੱਚ ਕੁਪੋਸ਼ਣ ਦੇ ਖ਼ਾਤਮੇ ਅਤੇ ਸਮੁੱਚੇ ਸਿਹਤ ਸੁਧਾਰ ਦੀ ਦਿਸ਼ਾ ਵਿੱਚ ਪੋਸ਼ਣ ਅਭਿਆਨ ਇੱਕ ਜਨਤਕ ਅੰਦੋਲਨ ਸਾਬਤ ਹੋਇਆ ਹੈ। ਮਾਰਚ 2018 ਵਿੱਚ ਸ਼ੁਰੂ ਹੋਏ ਇਸ ਅਭਿਆਨ ਦੇ ਤਹਿਤ ਇਸ ਸਾਲ 9ਵੇਂ ਰਾਸ਼ਟਰੀਯ ਪੋਸ਼ਣ ਮਾਹ 2026 ਦਾ ਆਗਾਜ਼ 9 ਸਤੰਬਰ 2026 ਨੂੰ ਵਾਰਾਣਸੀ ਦੇ ਰੁਦਰਾਕਸ਼ ਕਨਵੈਨਸ਼ਨ ਸੈਂਟਰ ਵਿੱਚ ਕੀਤਾ ਗਿਆ, ਜੋ ਅਗਲੇ ਇੱਕ ਮਹੀਨੇ ਤੱਕ ਚੱਲੇਗਾ।

ਖੁਰਾਕ ਵਿੱਚ ਸਿਰਫ਼ ਕੈਲੋਰੀਜ਼ ਦੀ ਪੂਰਤੀ ਹੀ ਕਾਫ਼ੀ ਨਹੀਂ ਹੈ, ਸਗੋਂ ਪ੍ਰੋਟੀਨ, ਸੂਖਮ ਪੋਸ਼ਕ ਤੱਤ ਅਤੇ ਖੁਰਾਕੀ ਵਿਭਿੰਨਤਾ ਯਕੀਨੀ ਬਣਾਉਣਾ ਲਾਜ਼ਮੀ ਹੈ। ਮਿਸ਼ਨ ਸਕਸ਼ਮ ਆਂਗਣਵਾੜੀ ਅਤੇ ਪੋਸ਼ਣ 2.0 ਦੇ ਤਹਿਤ ਜਾਰੀ ਸੋਧੇ ਹੋਏ ਦਿਸ਼ਾ-ਨਿਰਦੇਸ਼ਾਂ ਰਾਹੀਂ ਆਂਗਣਵਾੜੀ ਕੇਂਦਰਾਂ ਨੂੰ ਵਧੇਰੇ ਪਾਰਦਰਸ਼ੀ, ਜਵਾਬਦੇਹ ਅਤੇ ਭਾਈਚਾਰਕ ਭਾਗੀਦਾਰੀ ਨਾਲ ਲੈਸ ਬਣਾਇਆ ਗਿਆ ਹੈ। ਇਸ ਵਿੱਚ ਗਰਮ ਪਕਾਏ ਗਏ ਭੋਜਨ ਦੇ ਮਾਪਦੰਡ ਤੈਅ ਕੀਤੇ ਗਏ ਹਨ। ਆਂਗਣਵਾੜੀ ਪੱਧਰ 'ਤੇ ਪਾਰਦਰਸ਼ਿਤਾ ਦੇ ਲਈ ਐੱਸਐੱਨਪੀ ਮੈਨਿਊ



# ਪੋਸ਼ਣ ਮਾਹ 2026

## 5 ਮੁੱਖ ਤਰਜੀਹਾਂ...

### 1 ਖੁਰਾਕ ਵਿਭਿੰਨਤਾ ਅਤੇ ਲੋੜੀਂਦਾ ਪ੍ਰੋਟੀਨ

**ਵਿਭਿੰਨ ਪਕਵਾਨਾਂ ਦਾ ਪ੍ਰਦਰਸ਼ਨ:** ਸਥਾਨਕ ਪੱਧਰ 'ਤੇ ਉਪਲਬਧ ਅਨਾਜਾਂ, ਮੋਟੇ ਅਨਾਜਾਂ (ਮਿਲਟਸ), ਦਾਲਾਂ, ਮੌਸਮੀ ਫਲਾਂ, ਸਬਜ਼ੀਆਂ, ਤੇਲ ਬੀਜਾਂ, ਦੁੱਧ ਅਤੇ ਆਂਡਿਆਂ ਦੀ ਵਰਤੋਂ ਨਾਲ ਪੌਸ਼ਟਿਕ ਪਕਵਾਨ ਬਣਾਉਣ ਦਾ ਪ੍ਰਦਰਸ਼ਨ।

**ਪੋਸ਼ਣ ਮੇਲਾ ਅਤੇ ਪ੍ਰਤੀਯੋਗਤਾਵਾਂ:** ਪੋਸ਼ਕ ਤੱਤਾਂ ਪ੍ਰਤੀ ਜਾਗਰੂਕਤਾ ਲਈ 'ਪੋਸ਼ਣ ਮੇਲੇ' ਅਤੇ 'ਪ੍ਰੋਟੀਨ-ਰਿਚ ਪਲੇਟ' ਪ੍ਰਤੀਯੋਗਤਾਵਾਂ ਦਾ ਆਯੋਜਨ।

**ਪੋਸ਼ਣ ਵਾਟਿਕਾ:** ਆਂਗਣਵਾੜੀ ਅਤੇ ਘਰਾਂ ਵਿੱਚ ਬਣੀਆਂ ਪੋਸ਼ਣ ਵਾਟਿਕਾਵਾਂ ਦੀ ਤਾਜ਼ੀ ਉਪਜ ਨੂੰ ਪੂਰਕ ਖੁਰਾਕ ਵਿੱਚ ਸ਼ਾਮਲ ਕਰਨ ਲਈ ਜਨਤਕ-ਜਾਗਰੂਕਤਾ।

### 2 ਆਂਗਣਵਾੜੀ ਵਿੱਚ ਤਾਜ਼ਾ ਗਰਮ ਪਕਿਆ ਹੋਇਆ ਭੋਜਨ

**ਹਫ਼ਤਾਵਾਰੀ ਮੈਨਿਊ ਚੱਕਰ:** ਸਥਾਨਕ ਖੁਰਾਕ ਪਦਾਰਥਾਂ, ਬਾਜਰੇ/ਮਿਲਟਸ ਅਤੇ ਮੌਸਮੀ ਸਬਜ਼ੀਆਂ ਨੂੰ ਸ਼ਾਮਲ ਕਰਦੇ ਹੋਏ ਹਫ਼ਤਾਵਾਰੀ ਮੈਨਿਊ ਰੋਟੇਸ਼ਨ ਦਾ ਪ੍ਰਭਾਵਸ਼ਾਲੀ ਲਾਗੂਕਰਨ।

**ਗਰਮ ਪਕਾਏ ਗਏ ਭੋਜਨ ਨੂੰ ਚੱਖਣ ਅਤੇ ਪਰਖਣ ਦੇ ਭਾਈਚਾਰਕ ਸੈਸ਼ਨ:** ਐੱਸਐੱਨਪੀ ਮਾਪਦੰਡਾਂ ਦੇ ਅਨੁਸਾਰ ਸਵੱਛਤਾ ਅਤੇ ਗੁਣਵੱਤਾ ਨੂੰ ਯਕੀਨੀ ਬਣਾਉਣ ਲਈ ਪੰਚਾਇਤੀ ਰਾਜ ਪ੍ਰਤੀਨਿਧੀਆਂ, ਸਵੈ-ਸਹਾਇਤਾ ਸਮੂਹਾਂ ਅਤੇ ਮਾਪਿਆਂ ਨਾਲ ਭਾਈਚਾਰਕ ਟੈਸਟਿੰਗ ਸੈਸ਼ਨ।

### 3 ਭਾਈਚਾਰਕ ਮਲਕੀਅਤ ਅਤੇ ਜਵਾਬਦੇਹੀ

**ਆਂਗਣਵਾੜੀ ਪ੍ਰਬੰਧਨ ਕਮੇਟੀਆਂ:** 23 ਜੂਨ 2026 ਨੂੰ ਜਾਰੀ ਦਿਸ਼ਾ-ਨਿਰਦੇਸ਼ਾਂ ਦੇ ਤਹਿਤ ਗਠਿਤ ਆਂਗਣਵਾੜੀ ਕਮੇਟੀਆਂ ਨੂੰ ਸਰਗਰਮ ਕਰਨਾ ਅਤੇ ਪੋਸ਼ਣ ਮਾਹ ਦੇ ਦੌਰਾਨ ਲਾਜ਼ਮੀ ਤੌਰ 'ਤੇ ਘੱਟ ਤੋਂ ਘੱਟ ਇੱਕ ਮੀਟਿੰਗ ਆਯੋਜਿਤ ਕਰਨਾ।

**ਮੈਨਿਊ ਬੋਰਡ ਦਾ ਲਾਜ਼ਮੀ ਪ੍ਰਦਰਸ਼ਨ:** ਸਾਰੇ ਕੇਂਦਰਾਂ 'ਤੇ ਟੇਕ-ਹੋਮ ਰਾਸ਼ਨ ਦੇ ਮੈਨਿਊ ਬੋਰਡ ਲਗਾਉਣਾ, ਜਿਸ ਨਾਲ ਲਾਭਪਾਤਰੀਆਂ ਨੂੰ ਅਧਿਕਾਰਾਂ ਦੀ ਸਪਸ਼ਟ ਜਾਣਕਾਰੀ ਮਿਲੇ।

**ਖਾਣੇ ਦੀ ਗੁਣਵੱਤਾ 'ਤੇ ਭਾਈਚਾਰੇ ਦੀ ਨਿਗਰਾਨੀ:** ਮਾਵਾਂ ਦੀਆਂ ਕਮੇਟੀਆਂ ਅਤੇ ਆਂਗਣਵਾੜੀ ਕੇਂਦਰ ਦੁਆਰਾ ਭੋਜਨ ਦੀ ਗੁਣਵੱਤਾ, ਮਾਤਰਾ ਅਤੇ ਨਿਯਮਿਤਤਾ ਦੀ ਸਿੱਧੀ ਨਿਗਰਾਨੀ।

### 4 ਪੋਸ਼ਣ ਅਤੇ ਬਚਪਨ ਦਾ ਸ਼ੁਰੂਆਤੀ ਵਿਕਾਸ

**ਸੋਧਿਆ ਹੋਇਆ ਹੋਮ ਵਿਜ਼ਿਟ ਸ਼ਡਿਊਲ** ਜ਼ੀਰੋ ਤੋਂ 3 ਸਾਲ ਦੇ ਬੱਚਿਆਂ ਲਈ 34 ਵਿਕਾਸਾਤਮਕ ਮਾਈਲ ਸਟੋਨਜ਼ 'ਤੇ ਅਧਾਰਿਤ ਸੋਧੇ ਹੋਏ ਹੋਮ ਵਿਜ਼ਿਟ ਸ਼ਡਿਊਲਰ ਨੂੰ ਲਾਗੂ ਕਰਨਾ।

**ਬਚਪਨ ਦੀ ਸ਼ੁਰੂਆਤੀ ਦੇਖਭਾਲ** ਦਿਮਾਗੀ ਵਿਕਾਸ ਅਤੇ ਸਕੂਲ ਤੋਂ ਪਹਿਲਾਂ ਦੀ ਤਿਆਰੀ ਲਈ ਬਚਪਨ ਦੀ ਸ਼ੁਰੂਆਤੀ ਦੇਖਭਾਲ ਅਤੇ ਸਿੱਖਿਆ ਪਾਠਕ੍ਰਮਾਂ ਨੂੰ ਉਤਸ਼ਾਹ।

**ਸਮੇਂ ਸਿਰ ਸਕ੍ਰੀਨਿੰਗ ਅਤੇ ਰੈਫ਼ਰਲ:** ਗ੍ਰਾਮ ਸਿਹਤ, ਸਵੱਛਤਾ ਅਤੇ ਪੋਸ਼ਣ ਦਿਵਸ 'ਤੇ ਰਾਸ਼ਟਰੀ ਬਾਲ ਸਵਾਸਥਯ ਕਾਰਯਕ੍ਰਮ ਦੇ ਮਾਧਿਅਮ ਨਾਲ ਬੱਚਿਆਂ ਦੀ ਸਮੇਂ ਸਿਰ ਸਕ੍ਰੀਨਿੰਗ ਅਤੇ ਰੈਫ਼ਰਲ।

### 5 ਪ੍ਰਧਾਨ ਮੰਤਰੀ ਮਾਤ੍ਰਿ ਵੰਦਨਾ ਯੋਜਨਾ ਦੇ 10 ਸਫ਼ਲ ਵਰ੍ਹੇ

**ਸੌ-ਫ਼ੀਸਦੀ ਕਵਰੇਜ:** ਸਾਰੀਆਂ ਯੋਗ ਗਰਭਵਤੀ ਅਤੇ ਦੁੱਧ ਪਿਲਾਉਣ ਵਾਲੀਆਂ ਮਾਵਾਂ ਦਾ ਰਜਿਸਟ੍ਰੇਸ਼ਨ, ਲੰਬਿਤ ਮਾਮਲਿਆਂ ਦੇ ਨਿਪਟਾਰੇ ਅਤੇ ਡਾਇਰੈਕਟ ਬੈਨੇਫਿਟ ਟ੍ਰਾਂਸਫਰ ਦੇ ਤੇਜ਼ੀ ਨਾਲ ਨਿਪਟਾਰੇ ਲਈ ਵਿਸ਼ੇਸ਼ ਅਭਿਆਨ।

**ਜਾਗਰੂਕਤਾ ਅਤੇ ਟੂਲਕਿਟ:** ਯੋਜਨਾ ਦੀ ਯੋਗਤਾ ਅਤੇ ਕਿਸ਼ਤਾਂ ਦੇ ਪ੍ਰਤੀ ਪ੍ਰਚਾਰ-ਪ੍ਰਸਾਰ ਅਤੇ ਖੇਤਰੀ ਭਾਸ਼ਾਵਾਂ ਵਿੱਚ **'PMMVY ਟੂਲਕਿਟ'** ਦਾ ਉਦਘਾਟਨ ।

ਬੋਰਡ' ਲਾਜ਼ਮੀ ਕੀਤਾ ਗਿਆ ਹੈ। ਰਾਸ਼ਟਰੀਯ ਪੋਸ਼ਣ ਮਾਹ 2026 ਸਿਰਫ਼ ਇੱਕ ਸਰਕਾਰੀ ਪ੍ਰੋਗਰਾਮ ਨਾ ਹੋ ਕੇ ਜਨਤਕ ਭਾਗੀਦਾਰੀ ਦਾ ਉਤਸਵ ਹੈ, ਜਿੱਥੇ ਸਮਾਜ ਦਾ ਹਰੇਕ ਵਰਗ ਆਂਗਣਵਾੜੀ ਸੇਵਾਵਾਂ ਦੀ ਨਿਗਰਾਨੀ ਅਤੇ ਸੁਪੋਸ਼ਣ ਦੇ ਨਿਰਮਾਣ ਵਿੱਚ ਆਪਣੀ ਸਿੱਧੀ ਜ਼ਿੰਮੇਵਾਰੀ ਨਿਭਾਏਗਾ। ਜੀਵਨ ਦੇ ਪਹਿਲੇ 1,000 ਦਿਨਾਂ ਦੌਰਾਨ ਚੰਗਾ ਪੋਸ਼ਣ ਅਤੇ ਸੰਵੇਦਨਸ਼ੀਲ ਦੇਖਭਾਲ ਦਿਮਾਗ ਦੇ ਸਰਬੋਤਮ ਵਿਕਾਸ ਲਈ ਅਤਿਅੰਤ ਜ਼ਰੂਰੀ ਹੈ।

ਵਿਸ਼ਵਵਿਆਪੀ ਚੁਣੌਤੀਆਂ ਦਰਮਿਆਨ ਭਾਰਤ ਨੇ ਜਿੱਤਿਆ ਆਰਥਿਕ ਮੋਰਚਾ

# ਭਾਰਤ ਦਾ ਵਧਦਾ ਆਰਥਿਕ ਆਤਮ-ਵਿਸ਼ਵਾਸ... 7.8% ਰਫ਼ਤਾਰ ਨਾਲ ਵਧੀ ਅਰਥਵਿਵਸਥਾ

*ਨਾਗਰਿਕਾਂ ਦੇ ਆਰਥਿਕ ਮੌਕੇ ਵਧਾਉਣ ਲਈ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਅਗਵਾਈ ਵਿੱਚ ਕੇਂਦਰ ਸਰਕਾਰ ਵਚਨਬੱਧ ਹੈ। ਅਰਥਵਿਵਸਥਾ ਦੀ ਤੇਜ਼ ਰਫ਼ਤਾਰ ਲਈ ਕਈ ਸੁਧਾਰ ਕੀਤੇ। ਸੁਧਾਰ ਅਤੇ ਕੁਸ਼ਲ ਪ੍ਰਬੰਧਨ ਤੋਂ ਮਿਲੇ ਨਤੀਜੇ ਦਾ ਹੀ ਸਿੱਟਾ ਹੈ ਕਿ ਅੱਜ ਅਰਥਵਿਵਸਥਾ ਨਾ ਸਿਰਫ਼ ਦੁਨੀਆ ਵਿੱਚ ਸਭ ਤੋਂ ਤੇਜ਼ੀ ਨਾਲ ਅੱਗੇ ਵਧਦੀ ਅਰਥਵਿਵਸਥਾ ਹੈ ਸਗੋਂ ਵਿਸ਼ਵਵਿਆਪੀ ਚੁਣੌਤੀਆਂ ਦੇ ਦਰਮਿਆਨ ਵੀ ਤੇਜ਼ ਰਫ਼ਤਾਰ ਨਾਲ ਦੌੜ ਰਹੀ ਹੈ। ਅਪ੍ਰੈਲ-ਜੂਨ ਦੀ ਤਿਮਾਹੀ ਵਿੱਚ 7.8% ਦੀ ਰਫ਼ਤਾਰ ਨਾਲ ਵਧੀ ਭਾਰਤੀ ਅਰਥਵਿਵਸਥਾ, ਦੇਸ਼ ਵਾਸੀਆਂ ਦੀ ਸਮੂਹਿਕ ਸਮਰੱਥਾ ਨੂੰ ਕਰਦੀ ਹੈ ਪ੍ਰਦਰਸ਼ਿਤ ...*

ਵਿਸ਼ਵਵਿਆਪੀ ਚੁਣੌਤੀਆਂ ਅਤੇ ਅਨਿਸ਼ਚਿਤਤਾਵਾਂ ਦੇ ਦਰਮਿਆਨ ਭਾਰਤੀ ਅਰਥਵਿਵਸਥਾ ਦੀ ਤੇਜ਼ੀ ਵਿੱਤੀ ਵਰ੍ਹੇ 2026-27 ਦੀ ਪਹਿਲੀ ਤਿਮਾਹੀ ਵਿੱਚ ਵੀ ਜਾਰੀ ਰਹੀ। ਅੰਕੜਾ ਅਤੇ ਪ੍ਰੋਗਰਾਮ ਲਾਗੂਕਰਨ ਮੰਤਰਾਲੇ (MoSPI) ਦੀ ਰਿਪੋਰਟ ਦੇ ਮੁਤਾਬਕ, ਅਪ੍ਰੈਲ-ਜੂਨ ਤਿਮਾਹੀ ਵਿੱਚ ਇਹ 7.8% ਦੀ ਦਰ ਨਾਲ ਵਧੀ। ਇਹ ਤੇਜ਼ੀ ਭਾਰਤ ਦੇ ਰਿਜ਼ਰਵ ਬੈਂਕ ਦੇ ਅਨੁਮਾਨ ਤੋਂ ਵੀ ਜ਼ਿਆਦਾ ਰਹੀ ਹੈ। ਇਸ ਤਿਮਾਹੀ ਵਿੱਚ ਰਿਜ਼ਰਵ ਬੈਂਕ ਨੇ 7% ਦੀ ਵਿਕਾਸ ਦਰ ਹਾਸਲ ਕਰਨ ਦਾ ਅਨੁਮਾਨ ਲਗਾਇਆ ਸੀ। ਹਾਲਾਂਕਿ, 31 ਅਗਸਤ ਨੂੰ ਜਦੋਂ ਅੰਕੜੇ ਆਏ ਤਾਂ ਤੇਜ਼ੀ ਉਮੀਦਾਂ ਨਾਲੋਂ ਜ਼ਿਆਦਾ ਰਹੀ। ਇੱਕ ਵਰ੍ਹੇ ਪਹਿਲਾਂ ਇਸੇ ਸਮੇਂ ਦੌਰਾਨ ਭਾਰਤ ਦੀ ਵਿਕਾਸ ਦਰ 6.9% ਦੀ ਦਰ ਨਾਲ ਵਧੀ ਸੀ।

## ਭਾਰਤ ਇੱਕ ਵਾਰ ਫਿਰ ਤੋਂ ਖਿੜ ਗਿਆ

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਵਿੱਤੀ ਵਰ੍ਹੇ ਦੀ ਪਹਿਲੀ ਤਿਮਾਹੀ ਵਿੱਚ ਕੁੱਲ ਘਰੇਲੂ ਉਤਪਾਦ (ਜੀਡੀਪੀ) ਦੀ 7.8 ਪ੍ਰਤੀਸ਼ਤ ਵਾਧਾ ਦਰ ਹਾਸਲ ਕਰਨ 'ਤੇ ਦੇਸ਼ ਨੂੰ ਵਧਾਈ ਦਿੱਤੀ। ਉਨ੍ਹਾਂ ਨੇ ਇੱਕ ਵੀਡੀਓ ਸੰਦੇਸ਼ ਵਿੱਚ ਜੀਡੀਪੀ ਦੇ ਮਜ਼ਬੂਤ ਆਰਥਿਕ ਅੰਕੜਿਆਂ ਦਾ ਜ਼ਿਕਰ ਕਰਦਿਆਂ ਕਿਹਾ ਕਿ ਇਹ ਅੰਕੜੇ ਦੇਸ਼ ਦੇ ਵਧਦੇ ਆਰਥਿਕ ਆਤਮ-ਵਿਸ਼ਵਾਸ ਨੂੰ ਦਰਸਾਉਂਦੇ ਹਨ। ਵਿੱਤੀ ਵਰ੍ਹੇ 2026-27 ਦੀ ਪਹਿਲੀ ਤਿਮਾਹੀ ਵਿੱਚ ਭਾਰਤ ਦੀ 7.8 ਪ੍ਰਤੀਸ਼ਤ ਦੀ ਸ਼ਾਨਦਾਰ ਜੀਡੀਪੀ ਗ੍ਰੋਥ ਇੱਕ ਬਹੁਤ ਵੱਡੀ ਉਪਲਬਧੀ ਹੈ। ਲੋਕਾਂ ਦੀ ਸਮੂਹਿਕ ਤਾਕਤ ਨੇ ਇਹ



## ਨਾਗਰਿਕਾਂ ਲਈ ਆਰਥਿਕ ਮੌਕੇ ਵਧਾਉਣ ਪ੍ਰਤੀ ਵਚਨਬੱਧ

ਵਿੱਤ ਮੰਤਰੀ ਨਿਰਮਲਾ ਸੀਤਾਰਮਣ ਨੇ ਇਸ ਸਫ਼ਲਤਾ 'ਤੇ ਕਿਹਾ ਕਿ ਵਿੱਤੀ ਵਰ੍ਹੇ 2026-27 ਦੀ ਪਹਿਲੀ ਤਿਮਾਹੀ ਵਿੱਚ ਅਸਲ ਜੀਡੀਪੀ ਵਿੱਚ 7.8% ਦੇ ਵਾਧੇ ਦਾ ਅਨੁਮਾਨ ਹੈ।

**10.3%** ਦੇ ਵਾਧੇ ਦਾ ਅਨੁਮਾਨ ਹੈ ਇਸੇ ਸਮੇਂ ਦੌਰਾਨ ਨੌਮਿਨਲ ਜੀਡੀਪੀ ਵਿੱਚ।

**8.2%** ਦਾ ਵਾਧਾ ਦਰਜ ਕੀਤਾ ਗਿਆ ਹੈ ਅਸਲ ਜੀਵੀਏ ਵਿੱਚ।

ਉਨ੍ਹਾਂ ਨੇ ਕਿਹਾ ਕਿ ਇਸ ਸ਼ਾਨਦਾਰ ਪ੍ਰਦਰਸ਼ਨ ਦਾ ਕ੍ਰੈਡਿਟ ਭਾਰਤ ਦੇ ਲੋਕਾਂ ਅਤੇ ਉਨ੍ਹਾਂ ਦੀ ਸਖ਼ਤ ਮਿਹਨਤ ਸਦਕਾ ਹੈ। ਸਰਕਾਰ ਦੁਆਰਾ ਕੀਤੇ ਗਏ ਸੁਧਾਰ ਅਤੇ ਅਰਥਵਿਵਸਥਾ ਦਾ ਕੁਸ਼ਲ ਪ੍ਰਬੰਧਨ ਚੰਗੇ ਨਤੀਜੇ ਦੇ ਰਹੇ ਹਨ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਅਗਵਾਈ ਹੇਠ ਕੇਂਦਰ ਸਰਕਾਰ, ਸਾਡੇ ਸਾਰੇ ਨਾਗਰਿਕਾਂ ਦੇ ਲਈ ਆਰਥਿਕ ਮੌਕੇ ਵਧਾਉਣ ਦੇ ਪ੍ਰਤੀ ਵਚਨਬੱਧ ਹੈ।





*7.8% ਦਾ ਵਾਧਾ। ਮਜ਼ਬੂਤ ਅੰਕੜੇ।ਹੋਰ ਵੀ ਜ਼ਿਆਦਾ ਆਤਮ-ਵਿਸ਼ਵਾਸ।*

***– ਨਰੇਂਦਰ ਮੋਦੀ, ਪ੍ਰਧਾਨ ਮੰਤਰੀ***

## ਲਗਾਤਾਰ ਮਜ਼ਬੂਤ ਹੋ ਰਹੀ ਹੈ ਭਾਰਤੀ ਅਰਥਵਿਵਸਥਾ

ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਸਰਕਾਰ ਦੀ ਅਗਵਾਈ ਹੇਠ ਭਾਰਤੀ ਅਰਥਵਿਵਸਥਾ ਵਿਸ਼ਵਵਿਆਪੀ ਚੁਣੌਤੀਆਂ ਦੇ ਬਾਵਜੂਦ ਲਗਾਤਾਰ ਮਜ਼ਬੂਤ ਹੋ ਰਹੀ ਹੈ। ਇੱਕ ਵਾਰ ਫਿਰ, ਭਾਰਤੀ ਅਰਥਵਿਵਸਥਾ ਨੇ ਵਿਸ਼ਵਵਿਆਪੀ ਅਨਿਸ਼ਚਿਤਤਾਵਾਂ ਨੂੰ ਪਿੱਛੇ ਛੱਡਦਿਆਂ ਹੋਏ ਵਿੱਤੀ ਵਰ੍ਹੇ 2026-27 ਦੀ ਪਹਿਲੀ ਤਿਮਾਹੀ ਵਿੱਚ 7.8% ਦੀ ਜੀਡੀਪੀ ਵਾਧਾ ਦਰ ਹਾਸਲ ਕੀਤੀ ਹੈ। ਇਹ ਪੀਐੱਮ ਮੋਦੀ ਦੀ ਦੂਰਦਰਸ਼ੀ ਅਗਵਾਈ ਦਾ ਪ੍ਰਮਾਣ ਹੈ, ਜਿਸ ਨੇ ਸਾਡੇ ਦੇਸ਼ ਨੂੰ ਅਜਿਹੀ ਮਜ਼ਬੂਤੀ ਦਿੱਤੀ ਹੈ ਕਿ ਵਿਸ਼ਵਵਿਆਪੀ ਪੱਧਰ 'ਤੇ ਭਾਵੇਂ ਕਿੰਨੀ ਵੀ ਵੱਡੀ ਮੁਸ਼ਕਲ ਕਿਉਂ ਨਾ ਆਵੇ, ਅਸੀਂ ਸਫ਼ਲ ਹੋ ਕੇ ਉਭਰਦੇ ਹਾਂ। ਇਸ ਸ਼ਾਨਦਾਰ ਉਪਲਬਧੀ ਲਈ ਮੈਂ ਸਾਰੇ ਨਾਗਰਿਕਾਂ ਨੂੰ ਹਾਰਦਿਕ ਵਧਾਈ ਦਿੰਦਾ ਹਾਂ।

ਯਕੀਨੀ ਬਣਾਇਆ ਹੈ ਕਿ ਗਲੋਬਲ ਅਨਿਸ਼ਚਿਤਤਾਵਾਂ ਦੇ ਦਰਮਿਆਨ ਤੇਲ ਦੀਆਂ ਕੀਮਤਾਂ ਵਿੱਚ ਉਤਾਰ-ਚੜ੍ਹਾਅ ਅਤੇ ਸਪਲਾਈ ਚੇਨ ਦੀਆਂ ਮੁਸ਼ਕਲਾਂ ਦੇ ਬਾਵਜੂਦ ਭਾਰਤ ਤੇਜ਼ੀ ਨਾਲ ਵਿਕਾਸ ਕਰਦਾ ਰਹੇ। ਉਨ੍ਹਾਂ ਨੇ ਕਿਹਾ ਕਿ ਨਿਰਾਸ਼ਾਵਾਦੀ ਲੋਕਾਂ ਦੀ ਹਾਰ ਹੋਈ ਅਤੇ ਭਾਰਤ ਇੱਕ ਵਾਰ ਫਿਰ ਖਿੜ ਉੱਠਿਆ ਹੈ। ■

ਸਪੇਸ ਸਟਾਰਟਅੱਪ ਦੇ ਮੁੱਖ ਕਾਰਜਕਾਰੀ ਅਧਿਕਾਰੀਆਂ ਦੇ ਨਾਲ ਪ੍ਰਧਾਨ ਮੰਤਰੀ ਮੋਦੀ ਦਾ ਸੰਵਾਦ

# ਪੁਲਾੜ ਵਿੱਚ ਭਾਰਤ ਦੀ ਨੌਜਵਾਨ ਸ਼ਕਤੀ

*'ਸੇਵਾ ਤੀਰਥ' ਵਿੱਚ 21 ਅਗਸਤ ਨੂੰ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ 20 ਸਪੇਸ ਸਟਾਰਟਅੱਪਸ ਪ੍ਰਮੁੱਖਾਂ ਨਾਲ ਮੁਲਾਕਾਤ ਕਰਕੇ ਉਨ੍ਹਾਂ ਦੇ ਨਵੇਂ ਪ੍ਰਯੋਗਾਂ ਦੀ ਪ੍ਰਸ਼ੰਸਾ ਕੀਤੀ। ਨਾਲ ਹੀ, ਉਨ੍ਹਾਂ ਨੇ ਬੱਚਿਆਂ ਵਿੱਚ ਸਪੇਸ ਸਾਇੰਸ ਦੇ ਪ੍ਰਤੀ ਰੁਝਾਨ ਵਧਾਉਣ ਦੇ ਲਈ ਸਟਾਰਟਅੱਪਸ ਨੂੰ 'ਅਟਲ ਟਿੰਕਰਿੰਗ ਲੈਬ' ਨਾਲ ਜੁੜਨ ਦੀ ਕੀਤੀ ਅਪੀਲ...*

ਦੇਸ਼ ਵਿੱਚ ਇਨੋਵੇਸ਼ਨ ਨੂੰ ਹੁਲਾਰਾ ਦੇਣ ਦੇ ਲਈ ਕੇਂਦਰ ਸਰਕਾਰ ਨੇ ਪੁਲਾੜ ਖੇਤਰ ਨੂੰ ਨਿਜੀ ਭਾਗੀਦਾਰੀ ਦੇ ਲਈ ਖੋਲ੍ਹ ਦਿੱਤਾ ਹੈ। ਸਰਕਾਰ ਦੇ ਇਸ ਫ਼ੈਸਲੇ ਨਾਲ ਉਦਯੋਗ ਜਗਤ ਉਤਸ਼ਾਹਿਤ ਹਾਂ ਕਿਉਂਕਿ ਇਸ ਨਾਲ ਇਨੋਵੇਸ਼ਨ ਦੇ ਨਾਲ-ਨਾਲ ਰੁਜ਼ਗਾਰ ਦੇ ਨਵੇਂ ਮੌਕੇ ਪੈਦਾ ਹੋ ਰਹੇ ਹਨ। ਸਪੇਸ ਸਟਾਰਟਅੱਪ ਦੇ ਸੀਈਓ ਅਤੇ ਸੰਸਥਾਪਕਾਂ ਨਾਲ ਗੱਲਬਾਤ ਵਿੱਚ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਕਿਹਾ ਕਿ ਭਾਰਤ ਦੇ ਵਧਦੇ ਪ੍ਰਾਈਵੇਟ ਸਪੇਸ ਸੈਕਟਰ ਦੀਆਂ ਨਵੀਆਂ ਤਕਨਾਲੋਜੀਆਂ ਅਤੇ ਉਨ੍ਹਾਂ ਤੋਂ ਮਿਲਣ ਵਾਲੇ ਫ਼ਾਇਦਿਆਂ ਨੂੰ ਅਪਣਾਉਣ ਵਿੱਚ ਕਈ ਕੰਪਨੀਆਂ ਨੇ ਡੂੰਘੀ ਦਿਲਚਸਪੀ ਦਿਖਾਈ ਹੈ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਕਿਹਾ ਕਿ ਉਦਯੋਗਾਂ ਦੁਆਰਾ ਦਿਖਾਏ ਵਿਸ਼ਵਾਸ ਨੇ ਉਸ ਵਿਕਾਸ ਦ੍ਰਿਸ਼ਟੀ ਨੂੰ ਹੋਰ ਮਜ਼ਬੂਤ ਕੀਤਾ ਹੈ ਜਿਸ ਦੇ ਤਹਿਤ ਪੁਲਾੜ ਖੇਤਰ ਨੂੰ ਨਿਜੀ ਭਾਗੀਦਾਰੀ ਦੇ ਲਈ ਖੋਲ੍ਹਿਆ ਗਿਆ ਸੀ।

ਪੀਐੱਮ ਮੋਦੀ ਨੇ ਸਪੇਸ ਕੰਪਨੀਆਂ ਨੂੰ ਕਿਹਾ ਕਿ ਉਹ ਆਪਣੀ ਤਕਨਾਲੋਜੀ ਦੇ ਨਵੇਂ ਇਸਤੇਮਾਲ ਦੀ ਭਾਲ ਕਰਨ ਅਤੇ ਲੋਕਾਂ ਦਾ ਜੀਵਨ ਅਸਾਨ ਬਣਾਉਣ 'ਤੇ ਧਿਆਨ ਦੇਣ। ਉਨ੍ਹਾਂ ਨੇ ਅਪੀਲ ਕੀਤੀ ਕਿ ਬੱਚਿਆਂ ਅਤੇ ਨੌਜਵਾਨਾਂ ਵਿੱਚ ਸਪੇਸ ਦੇ ਪ੍ਰਤੀ ਉਤਸੁਕਤਾ ਜਗਾਉਣ ਦੇ ਲਈ ਇਹ ਕੰਪਨੀਆਂ 'ਅਟਲ ਟਿੰਕਰਿੰਗ ਲੈਬਸ' ਦੇ ਨਾਲ ਮਿਲ ਕੇ ਕੰਮ ਕਰਨ।





> "ਕਾਸਟ ਵਿੱਚ ਅਸੀਂ ਬਹੁਤ ਕੰਪੈਟੀਟਿਵ ਹਨ, ਟੈਲੇਂਟ ਵਿੱਚ ਤਾਂ ਕੋਈ ਸਵਾਲ ਹੀ ਨਹੀਂ ਉਠਦਾ ਹੈ ਅਤੇ ਰਿਸਕ ਟੇਕਿੰਗ ਕੈਪੇਸਿਟੀ ਸਾਡੇ ਦੇਸ਼ ਦੇ ਲੋਕਾਂ ਵਿੱਚ ਉਂਝ ਵੀ ਜ਼ਿਆਦਾ ਹੁੰਦੀ ਹੈ। ਉਸ ਦੇ ਕਾਰਨ ਅਸੀਂ ਬਹੁਤ ਤੇਜ਼ੀ ਨਾਲ ਆਪਣੀ ਜਗ੍ਹਾ ਬਣਾ ਸਕਦੇ ਹਾਂ।
>
> -ਨਰੇਂਦਰ ਮੋਦੀ, ਪ੍ਰਧਾਨ ਮੰਤਰੀ

## ਇਨ੍ਹਾਂ ਸਟਾਰਟਅੱਪਸ ਦੇ ਸੰਸਥਾਪਕ ਅਤੇ ਸੀਈਓ ਸੰਵਾਦ ਵਿੱਚ ਸ਼ਾਮਲ

ਸੰਵਾਦ ਪ੍ਰੋਗਰਾਮ ਵਿੱਚ ਸਕਾਈਰੂਟ ਐਰੋਸਪੇਸ, ਅਗਨੀਕੁਲ ਕਾਸਮੋਸ, ਪਿਕਸਲ, ਧਰੁਵ ਸਪੇਸ, ਗੈਲੇਕਸੀਆਈ, ਪੀਅਰਸਾਈਟ, ਬੇਲਾਟ੍ਰਿਕਸ ਐਰੋਸਪੇਸ, ਦਿਗੰਤਾਰਾ, ਸੈਟਸ਼ਿਓਰ, ਸੁਹੋਰਾ ਟੈਕਨਾਲੋਜੀਜ਼, ਮਨਸਤੂ ਸਪੇਸ, ਐਸਟ੍ਰੋਬੇਸ, ਟੇਕਮੀ 2 ਸਪੇਸ, ਵਯੋਮ ਆਈਸੀ, ਕਾਸਮੋਸਰਵ ਸਪੇਸ, ਆਰਬਿਟ ਐਡ ਏਅਰੋਸਪੇਸ, ਸਕਾਈਸਰਵ (ਹਾਈਸਪੇਸ), ਸੇਰੈਂਡਿਪਿਟੀ ਸਪੇਸ, ਵਾਸਰ ਲੈਬਸ ਅਤੇ ਮਿਸਟਈਓ।

### ਵਿਸ਼ਵਾਸ ਪੈਦਾ ਕਰਨ ਦਾ ਸੀ ਯਤਨ

ਗੱਲਬਾਤ ਦੇ ਦੌਰਾਨ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਕਿਹਾ ਕਿ ਤੁਸੀਂ ਇੱਕ ਨਵੇਂ ਖੇਤਰ ਵਿੱਚ ਹੌਂਸਲਾ ਦਿਖਾਇਆ ਹੈ, ਸਭ ਤੋਂ ਵੱਡੀ ਗੱਲ ਇਹ ਹੈ ਕਿ ਤੁਸੀਂ ਸਰਕਾਰ ਦੀ ਗੱਲ 'ਤੇ ਭਰੋਸਾ ਕੀਤਾ। ਮੇਰਾ ਇੱਕ ਮੱਤ ਰਿਹਾ ਹੈ ਕਿ ਜੋ ਵੀ ਫ਼ੈਸਲਾ ਕਰੀਏ, ਉਸ ਵਿੱਚ ਕਨਸਿਸਟੈਂਟ ਰਹੀਏ। ਵਾਰ-ਵਾਰ ਉਸ ਵਿੱਚ ਬਦਲਾਅ ਨਾ ਕਰੀਏ, ਤਾਂ ਜੋ ਕੋਈ ਵੀ ਰਿਸਕ ਲੈਣਾ ਚਾਹੁੰਦਾ ਹੈ ਤਾਂ ਉਸ ਨੂੰ ਭਰੋਸਾ ਰਹੇ ਕਿ ਭਾਈ ਠੀਕ ਹੈ, ਮੇਰੀ ਗ਼ਲਤੀ ਕਾਰਨ ਕੁਝ ਗੜਬੜ ਹੋਵੇਗੀ ਤਾਂ ਠੀਕ ਹੈ, ਪਰ ਕੋਈ ਮੇਰਾ ਹੱਥ ਨਹੀਂ ਛੱਡ ਦੇਵੇਗਾ। ਇਹੀ ਵਿਸ਼ਵਾਸ ਪੈਦਾ ਕਰਨ ਦਾ ਸਾਡਾ ਯਤਨ ਸੀ।

### ਵਿਦੇਸ਼ ਗਏ ਹੋਏ ਲੋਕ ਆ ਰਹੇ ਹਨ ਵਾਪਸ

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦਾ ਕਹਿਣਾ ਹੈ ਕਿ ਸਪੇਸ ਸਟਾਰਟਅੱਪ ਦੀ ਦੁਨੀਆ ਨਾਲ ਬਹੁਤ ਲੋਕਾਂ ਨੂੰ ਜੋੜਨਾ ਹੈ ਅਤੇ ਹੁਣ ਵਿਦੇਸ਼ ਗਏ ਹੋਏ ਲੋਕ ਵਾਪਸ ਆ ਰਹੇ ਹਨ। ਮੈਂ ਸਮਝਦਾ ਹਾਂ ਕਿ ਸਾਨੂੰ ਅਜਿਹਾ ਵਾਤਾਵਰਣ ਤਿਆਰ ਕਰਨਾ ਚਾਹੀਦਾ ਹੈ ਕਿ ਇਸ ਖੇਤਰ ਵਿੱਚ ਦੁਨੀਆ ਭਰ ਦੇ ਲੋਕਾਂ ਨੂੰ ਲੱਗੇ ਕਿ ਜ਼ਿੰਦਗੀ ਬਣਾਉਣੀ ਹੈ, ਤਾਂ ਹਿੰਦੁਸਤਾਨ ਜਾਓ। ਭਾਰਤ ਦੇ ਕਿਸੇ ਸਟਾਰਟਅੱਪ ਨਾਲ ਜੁੜ ਜਾਓ। ਮੈਂ ਪੱਕਾ ਮੰਨਦਾ ਹਾਂ, ਪੂਰਾ ਟੈਲੇਂਟ ਪੂਲ, ਇੱਕ ਮੈਗਨੇਟ ਦੀ ਤਰ੍ਹਾਂ ਤੁਹਾਡੇ ਕਰਕੇ ਖਿੱਚਿਆ ਆ ਸਕਦਾ ਹੈ। ਉਹ ਇੱਕ ਬਹੁਤ ਵੱਡੀ ਤਾਕਤ ਬਣ ਸਕਦਾ ਹੈ। ■




‘ਇਕੌਨਮਿਕ ਟਾਈਮਜ਼ ਵਰਲਡ ਲੀਡਰਸ ਫੋਰਮ 2026’

ਪੀਐੱਮ ਮੋਦੀ ਦਾ ਪੂਰਾ ਪ੍ਰੋਗਰਾਮ ਦੇਖਣ ਦੇ ਲਈ QR ਕੋਡ ਸਕੈਨ ਕਰੋ।

# ਰਿਫੌਰਮਸ... ਮਜ਼ਬੂਰੀ ਨਹੀਂ

## ਵਚਨਬੱਧਤਾ ਅਤੇ ਦ੍ਰਿੜ੍ਹ ਵਿਸ਼ਵਾਸ

*ਮੈਨੂਫੈਕਚਰਿੰਗ, ਖੇਤੀਬਾੜੀ ਅਤੇ ਫੂਡ ਪ੍ਰੋਸੈੱਸਿੰਗ, ਤਕਨਾਲੋਜੀ ਅਤੇ ਇਨੋਵੇਸ਼ਨ, ਗਤੀਸ਼ਕਤੀ, ਰੱਖਿਆ ਸ਼ਕਤੀ, ਗ੍ਰੀਨ ਅਤੇ ਬਲੂ ਇਕੌਨਮੀ ਅਤੇ ਸੌਫ਼ਟ ਪਾਵਰ, ਇਹ ਸੱਤ ਸੈਕਟਰਸ ਅਜਿਹੇ ਹਨ, ਜਿਨ੍ਹਾਂ 'ਤੇ ਅੱਜ ਭਾਰਤ ਦਾ ਬਹੁਤ ਫੋਕਸ ਹੈ। ਇਹੀ ਕਾਰਨ ਹੈ ਕਿ ਭਾਰਤ ਪੌਲਿਸੀ ਲੈਵਲ 'ਤੇ, ਨੈਕਸਟ ਜਨਰੇਸ਼ਨ ਰਿਫੌਰਮਸ ਕਰ ਰਿਹਾ ਹੈ ਤਾਂ ਜੋ ਸਾਡਾ ਭਵਿੱਖ ਸੁਰੱਖਿਅਤ ਹੋਵੇ। 21 ਅਗਸਤ ਨੂੰ ‘ਇਕੌਨਮਿਕ ਟਾਈਮਜ਼ ਵਰਲਡ ਲੀਡਰਸ ਫੋਰਮ 2026’ ਨੂੰ ਸੰਬੋਧਨ ਕਰਦੇ ਹੋਏ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਕਿਹਾ ਕਿ ਇਹ ਰਿਫੌਰਮਸ ਸਾਡੇ ਲਈ ਮਜ਼ਬੂਰੀ ਨਹੀਂ, ਸਾਡੀ ਵਚਨਬੱਧਤਾ ਅਤੇ ਦ੍ਰਿੜ੍ਹ ਵਿਸ਼ਵਾਸ ਹਨ...*

ਹਰ ਰਿਫੌਰਮ ਦੀ ਸ਼ੁਰੂਆਤ ਸਭ ਤੋਂ ਪਹਿਲਾਂ ਸੋਚਣ ਦੇ ਤਰੀਕੇ ਨਾਲ ਹੀ ਹੁੰਦੀ ਹੈ। ਜਿੱਥੇ ਪਹਿਲਾਂ ਉਤਪਾਦਨ ਵਧਾਉਣ 'ਤੇ ਸਜ਼ਾ ਮਿਲਦੀ ਸੀ, ਉੱਥੇ ਹੀ ਅੱਜ ਕੇਂਦਰ ਸਰਕਾਰ ਉਤਪਾਦਨ ਵਧਾਉਣ 'ਤੇ ਇਨਸੈਂਟਿਵ ਦੇ ਰਹੀ ਹੈ। ਅੱਜ ਪੀਐੱਲਆਈ (PLI) ਯਾਨੀ ਪ੍ਰੋਡਕਸ਼ਨ ਲਿੰਕਡ ਇਨਸੈਂਟਿਵ ਸਕੀਮ ਦੀ ਸਕਸੈੱਸ ਦੁਨੀਆ ਦੇਖ ਰਹੀ ਹੈ। ‘ਇਕੌਨਮਿਕ ਟਾਈਮਜ਼ ਵਰਲਡ ਲੀਡਰਸ ਫੋਰਮ 2026’ ਪ੍ਰੋਗਰਾਮ ਵਿੱਚ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਕਿਹਾ ਕਿ ਸਿਰਫ਼ ਇਸ ਇੱਕ ਯੋਜਨਾ ਦੀ ਵਜ੍ਹਾ ਨਾਲ ਲਗਭਗ ਢਾਈ ਲੱਖ ਕਰੋੜ ਰੁਪਏ ਦਾ ਅਸਲ ਨਿਵੇਸ਼ ਹੋਇਆ ਹੈ। 22 ਲੱਖ ਕਰੋੜ ਰੁਪਏ ਤੋਂ ਜ਼ਿਆਦਾ ਦਾ ਉਤਪਾਦਨ ਅਤੇ ਵਿਕਰੀ ਹੋਈ ਹੈ। 15 ਲੱਖ ਕਰੋੜ ਰੁਪਏ ਤੋਂ ਜ਼ਿਆਦਾ ਦਾ ਨਿਰਯਾਤ ਹੋਇਆ ਹੈ ਅਤੇ 14 ਲੱਖ ਤੋਂ ਜ਼ਿਆਦਾ ਪ੍ਰਤੱਖ ਅਤੇ ਅਪ੍ਰਤੱਖ ਨੌਕਰੀਆਂ ਬਣੀਆਂ ਹਨ। ਪਹਿਲਾਂ, ਲਾਇਸੈਂਸ ਰਾਜ ਵਿੱਚ ਪਨਿਸ਼ਮੈਂਟ ਮਾਡਲ ਜਿੱਥੇ ਬੇਰੁਜ਼ਗਾਰੀ ਵਧਾਉਂਦਾ ਸੀ, ਉੱਥੇ ਹੀ ਅੱਜ ਦਾ ਇਨਸੈਂਟਿਵ ਮਾਡਲ ਲੱਖਾਂ ਨਵੀਆਂ ਨੌਕਰੀਆਂ ਪੈਦਾ ਕਰ ਰਿਹਾ ਹੈ।

ਅੱਜ ਦੇਸ਼ ਵਿੱਚ ਤੇਜ਼ ਵਿਕਾਸ ਅਤੇ ਸੁਧਾਰ ਇਸ ਲਈ ਹੋ ਰਹੇ ਹਨ, ਕਿਉਂਕਿ ਭਾਰਤ ਵਿੱਚ ਰਾਜਨੀਤਕ ਸਥਿਰਤਾ ਹੈ। ਦੇਸ਼ ਦੀ ਨੀਤੀ ਵਿੱਚ ਨਿਰੰਤਰਤਾ ਹੈ। ਪਹਿਲਾਂ ਦੇਸ਼ ਵਿੱਚ ਰਿਫੌਰਮਸ ਦਾ ਐਲਾਨ ਤਾਂ ਹੁੰਦਾ ਸੀ ਪਰ ਬਾਅਦ ਵਿੱਚ ਉਸ ਨੂੰ ਭੁੱਲ ਜਾਂਦੇ ਸਨ। ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਅਸੀਂ ਰਿਫੌਰਮਸ ਨੂੰ ਲੈ ਕੇ ਇੱਕ ਕਲੀਅਰ ਰੋਡਮੈਪ ਬਣਾਇਆ। ਇਸ ਰੋਡਮੈਪ ਦੀ ਪ੍ਰਮੁੱਖ ਦਿਸ਼ਾ ਰਹੀ ਹੈ- ਗਵਰਨੈਂਸ ਲੈਵਲ ਦੇ ਰਿਫੌਰਮਸ ਹੋਣ! ਇਸ ਲਈ, ਅੱਜ 21ਵੀਂ ਸਦੀ ਦੇ ਭਾਰਤ ਵਿੱਚ, ਸਿਰਫ਼ ਰੈਗੂਲੇਸ਼ਨ ਨਹੀਂ ਬਦਲ ਰਹੇ ਹਨ, ਰੈਗੂਲੇਸ਼ਨ ਦੀ ਪੂਰੀ ਫਿਲੌਸਫੀ ਬਦਲ ਰਹੇ ਹਨ। ਪਹਿਲਾਂ ਰੈਗੂਲੇਸ਼ਨ ਦੀ ਅਪ੍ਰੋਚ ਸੀ- "ਜਦੋਂ ਤੱਕ ਇਜਾਜ਼ਤ ਨਾ ਹੋਵੇ, ਉਦੋਂ ਤੱਕ ਪਾਬੰਦੀਸ਼ੁਦਾ।" ਯਾਨੀ ਜਦੋਂ ਤੱਕ ਸਰਕਾਰ ਇਜਾਜ਼ਤ ਨਾ ਦੇਵੇ, ਉਦੋਂ ਤੱਕ ਤੁਸੀਂ ਉਹ ਕੰਮ ਨਹੀਂ ਕਰ ਸਕਦੇ। ਅਸੀਂ ਇਸ ਅਪ੍ਰੋਚ ਨੂੰ ਬਦਲ ਕੇ, "ਜਦੋਂ ਤੱਕ ਮਨਾਹੀ ਨਾ ਹੋਵੇ, ਉਦੋਂ ਤੱਕ ਇਜਾਜ਼ਤ ਹੈ" ਦੀ ਤਰਫ਼ ਲੈ ਕੇ ਜਾ ਰਹੇ ਹਾਂ। ਯਾਨੀ, ਜਿਸ ਕੰਮ ਦੀ ਕਾਨੂੰਨ ਨੇ ਸਪਸ਼ਟ ਤੌਰ 'ਤੇ ਮਨਾਹੀ ਨਹੀਂ ਕੀਤੀ ਹੈ, ਉਸ ਦੇ ਲਈ ਹਰ ਕਦਮ 'ਤੇ ਇਜਾਜ਼ਤ ਦੀ ਕੋਈ ਜ਼ਰੂਰਤ ਨਹੀਂ ਹੋਣੀ ਚਾਹੀਦੀ ਹੈ। ਇਸ ਦੇ ਪਿੱਛੇ ਸੋਚ ਬਹੁਤ ਸਿੱਧੀ ਹੈ, ਸਰਕਾਰ ਅਤੇ ਨਾਗਰਿਕ ਦੇ ਰਿਸ਼ਤੇ ਦਾ ਅਧਾਰ, ਸ਼ੱਕ ਨਹੀਂ, ਵਿਸ਼ਵਾਸ ਹੋਣਾ ਚਾਹੀਦਾ ਹੈ।

*ਆਉਣ ਵਾਲੇ ਸਮੇਂ ਵਿੱਚ ਈਜ਼ ਆਫ਼ ਲਿਵਿੰਗ ਅਤੇ ਈਜ਼ ਆਫ਼ ਡੂਇੰਗ ਬਿਜ਼ਨਸ ਦਾ ਹੋਰ ਵਿਸਥਾਰ ਹੋਵੇਗਾ। ਦੇਸ਼ ਦੇ ਨੌਜਵਾਨਾਂ, ਨਾਰੀ ਸ਼ਕਤੀ, ਕਿਸਾਨਾਂ, ਗ਼ਰੀਬਾਂ ਅਤੇ ਮੱਧ ਵਰਗ ਦੇ ਲਈ, ਸਾਡੀ ਸਰਕਾਰ ਲਗਾਤਾਰ ਕੰਮ ਕਰਦੀ ਰਹੇਗੀ। ਸਾਡੀ ਰਿਫੌਰਮ ਐਕਸਪ੍ਰੈੱਸ ਹੋਰ ਵਧੇਰੇ ਰਫ਼ਤਾਰ ਨਾਲ ਅੱਗੇ ਵਧਣ ਵਾਲੀ ਹੈ।*

*– ਨਰੇਂਦਰ ਮੋਦੀ, ਪ੍ਰਧਾਨ ਮੰਤਰੀ*

## ਸਮੇਂ ਦੇ ਨਾਲ ਬਦਲਦੇ ਭਾਰਤ ਦੀ ਪਛਾਣ

ਦਿੱਲੀ-ਮੇਰਠ ਨਮੋ ਭਾਰਤ ਰੈਪਿਡ ਰੇਲ ਕੌਰੀਡੋਰ 'ਤੇ ਰੇਲ ਗੱਡੀਆਂ 160 ਕਿਲੋਮੀਟਰ ਪ੍ਰਤੀ ਘੰਟੇ ਦੀ ਰਫ਼ਤਾਰ ਨਾਲ ਚੱਲ ਰਹੀਆਂ ਹਨ। ਹੁਣ ਤੱਕ, 40 ਕਰੋੜ ਤੋਂ ਵੱਧ ਯਾਤਰੀਆਂ ਨੇ ਇਸ ਨੈਟਵਰਕ 'ਤੇ ਯਾਤਰਾ ਕੀਤੀ ਹੈ, ਜੋ ਕਿ 99.9% ਦੀ ਪਾਬੰਦ ਦਰ ਹੈ। ਸਮਾਂ ਬਦਲ ਗਿਆ ਹੈ। ਇਸੇ ਤਰ੍ਹਾਂ, ਦਿੱਲੀ ਮੈਟਰੋ 99.9% ਦੀ ਪਾਬੰਦ ਦਰ ਰੱਖਦੀ ਹੈ, ਜੋ ਇਸ ਨੂੰ ਨਿਊਯਾਰਕ, ਹਾਂਗ ਕਾਂਗ ਅਤੇ ਪੈਰਿਸ ਵਰਗੇ ਸ਼ਹਿਰਾਂ ਵਿੱਚ ਮੈਟਰੋ ਪ੍ਰਣਾਲੀਆਂ ਦੇ ਬਰਾਬਰ ਰੱਖਦੀ ਹੈ।

## ਵਧ ਰਿਹਾ ਡਿਫ਼ੈਂਸ ਐਕਸਪੋਰਟ

ਭਾਰਤ ਵਿੱਚ ਪਰਮਾਣੂ ਊਰਜਾ ਖੇਤਰ ਵਿੱਚ ਨਿਜੀ ਖੇਤਰ ਦੀ ਸ਼ਮੂਲੀਅਤ ਲਈ ਰਸਤਾ ਖੁੱਲ੍ਹ ਚੁੱਕਿਆ ਹੈ। ਇਸੇ ਤਰ੍ਹਾਂ, ਡਿਫ਼ੈਂਸ ਸੈਕਟਰ ਵਿੱਚ ਵੀ ਇੱਕ ਵੱਡਾ ਪੌਲਿਸੀ ਰਿਫੌਰਮ ਕੀਤਾ ਗਿਆ। ਜਿਸ ਵਿੱਚ ਦੋ ਸਦੀਆਂ ਤੋਂ ਵੱਧ ਸਮੇਂ ਤੋਂ ਚੱਲੀ ਆ ਰਹੀ ਇੱਕ ਵਿਵਸਥਾ ਨੂੰ ਬਦਲਿਆ ਗਿਆ। 40 ਤੋਂ ਵੱਧ ਆਰਡੀਨੈਂਸ ਫੈਕਟਰੀਆਂ ਨੂੰ ਮਿਲਾ ਕੇ ਸੱਤ ਵੱਖ-ਵੱਖ ਸੰਸਥਾਵਾਂ ਬਣਾਈਆਂ ਗਈਆਂ। ਅੱਜ, ਭਾਰਤ ਆਪਣੀਆਂ ਰੱਖਿਆ ਜ਼ਰੂਰਤਾਂ ਨੂੰ ਪੂਰਾ ਕਰਨ ਵਿੱਚ ਆਤਮਨਿਰਭਰ ਹੋ ਰਿਹਾ ਹੈ ਅਤੇ ਰੱਖਿਆ ਨਿਰਯਾਤ 2014 ਦੇ ਪੱਧਰ ਦੇ ਮੁਕਾਬਲੇ 55 ਗੁਣਾ ਵਧਿਆ ਹੈ।

## ਸਰਹੱਦੀ ਇਨਫ੍ਰਾਸਟ੍ਰਕਚਰ ਦੀ ਬਦਲੀ ਤਸਵੀਰ

ਅੱਜ ਸਰਹੱਦੀ ਇਲਾਕਿਆਂ ਵਿੱਚ ਸੜਕਾਂ, ਪੁਲਾਂ ਅਤੇ ਸੁਰੰਗਾਂ ਦਾ ਨੈੱਟਵਰਕ ਤੇਜ਼ੀ ਨਾਲ ਵਧ ਰਿਹਾ ਹੈ। ਸਿਰਫ਼ 2024 ਅਤੇ 2025 ਵਿੱਚ ਹੀ, ਬੀਆਰਓ (BRO) ਦੇ 250 ਇਨਫ੍ਰਾਸਟ੍ਰਕਚਰ ਪ੍ਰੋਜੈਕਟ ਦੇਸ਼ ਨੂੰ ਸਮਰਪਿਤ ਕੀਤੇ ਗਏ ਹਨ। ਸੋਚ ਬਦਲੀ, ਤਾਂ ਸਰਹੱਦੀ ਇਨਫ੍ਰਾਸਟ੍ਰਕਚਰ ਦੀ ਤਸਵੀਰ ਵੀ ਬਦਲ ਗਈ।

## ਕਰੋੜਾਂ ਯਾਤਰੀਆਂ ਨੂੰ ਬਿਹਤਰ ਅਨੁਭਵ ਦੇਣ ਦਾ ਅਭਿਆਨ

2014 ਤੋਂ ਪਹਿਲਾਂ ਟ੍ਰੇਨਾਂ ਵਿੱਚ ਜਿੱਥੇ ਲਗਭਗ 12 ਹਜ਼ਾਰ ਬਾਇਓ-ਟੌਇਲਟਸ ਲਗਾਏ ਗਏ ਸਨ, ਉੱਥੇ ਹੀ ਉਸ ਤੋਂ ਬਾਅਦ ਟ੍ਰੇਨਾਂ ਵਿੱਚ 3 ਲੱਖ 60 ਹਜ਼ਾਰ ਤੋਂ ਵੱਧ ਬਾਇਓ-ਟੌਇਲਟਸ ਲਗਾਏ ਗਏ ਹਨ। ਯਾਨੀ 97% ਤੋਂ ਵੱਧ ਬਾਇਓ-ਟੌਇਲਟਸ ਪਿਛਲੇ 12 ਵਰ੍ਹਿਆਂ ਵਿੱਚ ਲੱਗੇ ਹਨ। ਇਹ ਬਦਲਾਅ ਸਿਰਫ਼ ਸਫ਼ਾਈ ਦਾ ਨਹੀਂ, ਯਾਤਰੀਆਂ ਦੀ ਗਰਿਮਾ, ਸਵੱਛਤਾ ਅਤੇ ਆਧੁਨਿਕ ਭਾਰਤ ਦੇ ਨਿਰਮਾਣ ਦੀ ਦਿਸ਼ਾ ਵਿੱਚ ਗਵਰਨੈਂਸ ਦਾ ਇੱਕ ਨਵਾਂ ਮਾਡਲ ਹੈ। ਇਹ ਕਰੋੜਾਂ ਯਾਤਰੀਆਂ ਨੂੰ ਬਿਹਤਰ ਅਨੁਭਵ ਦੇਣ ਦਾ ਅਭਿਆਨ ਵੀ ਹੈ।



### ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ 'ਖੇਲੋ ਇੰਡੀਆ ਡਾਇਲੌਗ' ਵਿੱਚ ਨੌਜਵਾਨਾਂ ਨੂੰ ਕੀਤਾ ਸੰਬੋਧਨ

# ਖੇਡਾਂ: ਯੁਵਾ ਸ਼ਕਤੀ ਨੂੰ ਨਾਲ ਜੋੜਨ ਦਾ ਅਭਿਆਨ

*ਭਾਰਤ ਵਿੱਚ ਜਦੋਂ ਖੇਡਾਂ ਦੀ ਗੱਲ ਹੁੰਦੀ ਹੈ ਤਾਂ ਉਹ ਸਿਰਫ਼ ਮੈਡਲ ਜਿੱਤਣ ਤੱਕ ਸੀਮਤ ਨਹੀਂ ਹੁੰਦੀ ਸਗੋਂ ਉਹ ਵਿਕਸਿਤ ਭਾਰਤ ਦੇ ਨਿਰਮਾਣ ਵਿੱਚ ਭਾਰਤ ਦੀ ਖੇਡ ਸ਼ਕਤੀ ਅਤੇ ਯੁਵਾ ਸ਼ਕਤੀ ਨੂੰ ਜੋੜਨ ਦਾ ਅਭਿਆਨ ਹੁੰਦਾ ਹੈ। ਖੇਡਾਂ ਸਿਰਫ਼ ਮੈਦਾਨ 'ਤੇ ਜਿੱਤਣਾ ਨਹੀਂ ਸਿਖਾਉਂਦੀਆਂ, ਇਹ ਸਾਨੂੰ ਜੀਵਨ ਵਿੱਚ ਅੱਗੇ ਵਧਣ ਦਾ ਹੌਂਸਲਾ ਵੀ ਦਿੰਦੀਆਂ ਹਨ। ਇਹੋ ਕਾਰਨ ਹੈ ਕਿ ਕੇਂਦਰ ਸਰਕਾਰ ਦੇਸ਼ ਵਿੱਚ ਖੇਡ ਸੱਭਿਆਚਾਰ ਨੂੰ ਹੁਲਾਰਾ ਦੇਣ ਦੀ ਦਿਸ਼ਾ ਵਿੱਚ ਕਾਫੀ ਕੰਮ ਕਰ ਰਹੀ ਹੈ। ਇਸੇ ਕੜੀ ਵਿੱਚ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ 27 ਅਗਸਤ ਨੂੰ 'ਖੇਲੋ ਇੰਡੀਆ ਡਾਇਲੌਗ' ਵਿੱਚ ਨੌਜਵਾਨਾਂ ਨੂੰ ਕੀਤਾ ਸੰਬੋਧਨ...*

ਇੱਕ ਸਿਹਤਮੰਤ ਸਮਾਜ, ਵਧੀਆ ਪਰਿਵਾਰਕ ਵਿਵਸਥਾ ਅਤੇ ਬਿਹਤਰ ਕਾਰਜ ਸੱਭਿਆਚਾਰ ਲਈ ਸਪੋਰਟਸ ਪਰਸਨ ਸਪਿਰਿਟ ਬਹੁਤ ਜ਼ਰੂਰੀ ਹੁੰਦੀ ਹੈ। ਇਹ ਸਪਿਰਿਟ ਖੇਡਾਂ ਦੇ ਮੈਦਾਨ ਵਿੱਚ ਗਏ ਬਿਨਾ ਸਿੱਖਣੀ ਬਹੁਤ ਮੁਸ਼ਕਲ ਹੁੰਦੀ ਹੈ। ਖੇਡਾਂ ਸਾਨੂੰ ਸਿਰਫ਼ ਚੈਂਪੀਅਨ ਬਣਨਾ ਨਹੀਂ ਸਿਖਾਉਂਦੀਆਂ, ਸਗੋਂ ਇੱਕ ਬਿਹਤਰ ਪ੍ਰਤੀਯੋਗੀ ਬਣਨਾ ਵੀ ਸਿਖਾਉਂਦੀਆਂ ਹਨ। ਉੱਠਣਾ, ਡਿੱਗਣਾ... ਡਿੱਗ ਕੇ ਫਿਰ ਤੋਂ ਉੱਠਣਾ... ਇਹ ਜਜ਼ਬਾ ਸਾਡੇ ਅੰਦਰ ਲਿਆਉਂਦੀਆਂ ਹਨ। 'ਖੇਲੋ ਇੰਡੀਆ ਡਾਇਲੌਗ' ਵਿੱਚ ਨੌਜਵਾਨਾਂ ਨੂੰ ਸੰਬੋਧਨ ਕਰਦੇ ਹੋਏ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਕਿਹਾ ਕਿ ਮੈਂ 15 ਅਗਸਤ ਨੂੰ ਲਾਲ ਕਿਲ੍ਹੇ ਤੋਂ ਭਾਰਤ ਦਾ ਸਪੋਰਟਸ ਵਿਜ਼ਨ ਦੇਸ਼ ਦੇ ਸਾਹਮਣੇ ਰੱਖਿਆ ਸੀ। ਮੈਂ ਹਮੇਸ਼ਾ ਕਹਿੰਦਾ ਆਇਆ ਹਾਂ- ਜੋ ਖੇਲੇ, ਉਹ ਖਿਲੇ। ਅਤੇ ਖੇਡਾਂ ਵਿੱਚ ਖਿੜਣਾ ਸਿਰਫ਼ ਮੈਦਾਨ

ਪ੍ਰਧਾਨ ਮੰਤਰੀ ਮੋਦੀ ਦਾ ਪੂਰਾ ਪ੍ਰੋਗਰਾਮ ਦੇਖਣ ਦੇ ਲਈ QR ਸਕੈਨ ਕਰੋ।



> *"ਸਰਕਾਰ ਭਾਰਤ ਵਿੱਚ 21ਵੀਂ ਸਦੀ ਦਾ ਆਧੁਨਿਕ ਸਪੋਰਸਟ ਈਕੋਸਿਸਟਮ ਬਣਾਉਣ ਲਈ ਪੂਰੀ ਤਰ੍ਹਾਂ ਨਾਲ ਵਚਨਬੱਧ ਹੈ। ਅੱਜ ਸਪੋਰਟਸ ਯੂਨੀਵਰਸਿਟੀਆਂ ਤੋਂ ਲੈ ਕੇ ਆਧੁਨਿਕ ਟ੍ਰੇਨਿੰਗ ਸੈਂਟਰਾਂ ਤੱਕ ਦੇਸ਼ ਵਿੱਚ ਇੱਕ ਅਜਿਹੀ ਵਿਵਸਥਾ ਬਣਾਈ ਜਾ ਰਹੀ ਹੈ, ਜਿਸ ਵਿੱਚ ਪ੍ਰਤਿਭਾ ਨੂੰ ਪਛਾਣਨ ਤੋਂ ਲੈ ਕੇ ਉਸ ਨੂੰ ਦੁਨੀਆ ਦੇ ਮੰਚ ਤੱਕ ਪਹੁੰਚਾਉਣ ਵਿੱਚ ਹਰ ਪੱਧਰ 'ਤੇ ਸਹਿਯੋਗ ਮਿਲੇ।*
>
> **– ਨਰੇਂਦਰ ਮੋਦੀ, ਪ੍ਰਧਾਨ ਮੰਤਰੀ**





## ਨਵੇਂ ਵਿਚਾਰ ਹੀ ਵਿਕਸਿਤ ਭਾਰਤ ਦੀ ਸਿੱਧੀ ਦੀ ਤਾਕਤ

ਖੇਲੋ ਇੰਡੀਆ ਸੰਵਾਦ ਸਿਰਫ਼ ਖੇਡਾਂ ਦੀ ਗੱਲ ਕਰਨ ਦਾ ਪ੍ਰੋਗਰਾਮ ਨਹੀਂ ਹੈ। ਇਹ ਇੱਕ ਅਜਿਹੇ ਸੰਵਾਦ ਦਾ ਮੰਚ ਹੈ ਜਿਸ ਦਾ ਇੱਕ-ਇੱਕ ਵਿਚਾਰ ਦੇਸ਼ ਦੇ ਸਪੋਰਟਸ ਵਿਜ਼ਨ ਨੂੰ ਇੱਕ ਨਵੀਂ ਦਿਸ਼ਾ ਦੇ ਸਕਦਾ ਹੈ। ਇਸ ਦੇ ਨਾਲ ਜੋ ਯੁਵਾ ਸੰਵਾਦ ਹੋਇਆ, ਉਹ ਪ੍ਰੋਗਰਾਮ ਭਾਗੀਦਾਰਾਂ ਦੇ ਵਿਚਾਰਾਂ ਅਤੇ ਇੱਛਾਵਾਂ ਨੂੰ ਦੇਸ਼ ਦੇ ਸੁਪਨਿਆਂ ਨਾਲ ਜੋੜਨ ਦਾ ਬਹੁਤ ਵੱਡਾ ਜ਼ਰੀਆ ਹੈ। ਇਸ ਪ੍ਰੋਗਰਾਮ ਵਿੱਚ ਸਪੋਰਟਸ ਈਕੋਸਿਸਟਮ, ਟੈਲੰਟ ਡਿਵੈਲਪਮੈਂਟ, ਗਵਰਨੈਂਸ ਅਤੇ ਵਿਕਸਿਤ ਭਾਰਤ ਨੂੰ ਲੈ ਕੇ ਨੌਜਵਾਨ ਕੀ ਸੋਚਦੇ ਹਨ, ਉਨ੍ਹਾਂ ਦੇ ਸੁਝਾਅ ਕੀ ਹਨ, ਇਨ੍ਹਾਂ ਗੱਲਾਂ ਨੂੰ ਸੁਣਿਆ ਜਾ ਰਿਹਾ ਹੈ ਅਤੇਉਸ ਨੂੰ ਨੀਤੀ ਪ੍ਰਕਿਰਿਆ ਵਿੱਚ ਸ਼ਾਮਲ ਕੀਤਾ ਜਾਵੇਗਾ। ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਇਸ ਲਈ, ਤੁਹਾਨੂੰ ਸਾਰਿਆਂ ਨੂੰ ਕਹਾਂਗਾ ਕਿ ਜਿੰਨਾ ਜ਼ਿਆਦਾ ਤੋਂ ਜ਼ਿਆਦਾ ਹੋ ਸਕੇ, ਇਸ ਮੰਚ ਦੀ ਸਾਰਥਕ ਵਰਤੋਂ ਕਰੋ, ਨਵੇਂ ਵਿਚਾਰਾਂ ਨੂੰ ਆਉਣ ਦਿਓ। ਯੁਵਾ ਸ਼ਕਤੀ ਦੇ ਇਹ ਨਵੇਂ ਵਿਚਾਰ ਹੀ ਵਿਕਸਿਤ ਭਾਰਤ ਦੀ ਸਿੱਧੀ ਦੀ ਤਾਕਤ ਬਣਨਗੇ।

**5,000+**

**ਸਥਾਨਾਂ 'ਤੇ ਨੌਜਵਾਨਾਂ ਨੇ ਖੇਡਾਂ ਨੂੰ ਲੈ ਕੇ ਆਪਣੇ ਵਿਚਾਰ ਅਤੇ ਸੁਪਨੇ ਸਾਂਝੇ ਕੀਤੇ।**

**ਖੇਲੋ ਇੰਡੀਆ ਡਾਇਲੌਗ ਦੇ ਤਹਿਤ' ਯੁਵਾ ਸੰਵਾਦ' ਵਿੱਚ ਪੰਜ ਮੁੱਖ ਵਿਸ਼ਿਆਂ 'ਤੇ ਧਿਆਨ ਕੇਂਦ੍ਰਿਤ ਕੀਤਾ ਗਿਆ- ਖੇਡਾਂ, ਓਲੰਪਿਕ ਖਾਹਿਸ਼ਾਂ, ਯੁਵਾ ਲੀਡਰਸ਼ਿਪ, ਵਿਕਸਿਤ ਭਾਰਤ ਅਤੇ ਨਸ਼ਾ ਮੁਕਤ ਯੁਵਾ।**

## ਦੁਨੀਆ ਦਾ ਬਦਲਦਾ ਹੈ ਨਜ਼ਰੀਆ




ਜਦੋਂ ਕੋਈ ਖਿਡਾਰੀ ਸਫ਼ਲ ਹੁੰਦਾ ਹੈ, ਤਾਂ ਉਹ ਸਫ਼ਲਤਾ ਸਿਰਫ਼ ਉਸ ਦੀ ਨਹੀਂ ਹੁੰਦੀ, ਉਸ ਦੀ ਸਫ਼ਲਤਾ ਨਾਲ ਉਸ ਦੇ ਪਰਿਵਾਰ ਦੀ ਪਛਾਣ ਬਣਦੀ ਹੈ, ਮਾਣ ਵਧਦਾ ਹੈ। ਜਿਸ ਸਕੂਲ ਅਤੇ ਕਾਲਜ ਵਿੱਚ ਉਹ ਪੜ੍ਹਿਆ, ਉਸ ਦਾ ਮਾਣ ਵਧਦਾ ਹੈ। ਉਸ ਦੇ ਜ਼ਿਲ੍ਹੇ ਅਤੇ ਰਾਜ ਦੀ ਪਛਾਣ ਹੋਰ ਮਜ਼ਬੂਤ ਹੁੰਦੀ ਹੈ। ਯਾਨੀ ਦੁਨੀਆ ਉਸ ਖਿਡਾਰੀ ਦੇ ਨਾਮ ਨਾਲ ਉਸ ਸ਼ਹਿਰ ਜਾਂ ਰਾਜ ਨੂੰ ਪਛਾਣਨ ਲੱਗਦੀ ਹੈ ਅਤੇ ਜਦੋਂ ਅਜਿਹੀਆਂ ਕਈ ਸਫਲਤਾਵਾਂ ਨੂੰ ਲੈ ਕੇ ਕੋਈ ਖੇਤਰ ਗਲੋਬਲ ਸਪੋਰਟਸ ਮੈਪ 'ਤੇ ਚਮਕਦਾ ਹੈ, ਤਾਂ ਦੁਨੀਆ ਦਾ ਉਸ ਸ਼ਹਿਰ ਨੂੰ ਦੇਖਣ ਦਾ ਨਜ਼ਰੀਆ ਵੀ ਬਦਲ ਜਾਂਦਾ ਹੈ।

'ਤੇ ਜਿੱਤਣਾ ਨਹੀਂ ਹੈ, ਖੇਡਾਂ ਵਿੱਚ ਖਿੜਣਾ ਅਤੇ ਦੇਸ਼ ਦਾ ਮਾਣ ਵਧਾਉਣਾ।

ਸਪੋਰਟਸ, ਇੱਕ ਬਿਹਤਰ ਜੀਵਨ ਦੀ ਗਰੰਟੀ ਹੈ। ਸਪੋਰਟਸ ਸਾਨੂੰ ਬਿਹਤਰ ਜੀਵਨ ਜਿਉਣ ਦੇ ਲਈ ਫਿਟ ਬਣਾਉਂਦਾ ਹੈ, ਸਾਡੀ ਕੁਆਲਿਟੀ ਆਫ ਲਾਈਫ ਨੂੰ ਬਿਹਤਰ ਕਰਦਾ ਹੈ। ਸਪੋਰਟਸ ਦਾ ਇੱਕ ਹੋਰ ਬਹੁਤ ਵੱਡਾ ਫਾਇਦਾ ਹੁੰਦਾ ਹੈ, ਜੋ ਅਸਲੀ ਖਿਡਾਰੀ ਹੁੰਦੇ ਹਨ, ਉਨ੍ਹਾਂ ਵਿੱਚ ਡਰਗੱਸ, ਨਸ਼ੇ ਤੋਂ ਦੂਰ ਰਹਿਣ ਦੀ ਇੱਛਾ ਸ਼ਕਤੀ ਵੀ ਪੈਦਾ ਹੋ ਜਾਂਦੀ ਹੈ। ਅੱਜ ਜਦੋਂ ਨਸ਼ੇ ਦੀ ਇੰਨੀ ਵੱਡੀ ਚੁਣੌਤੀ ਨੌਜਵਾਨਾਂ ਦੇ ਸਾਹਮਣੇ ਹੈ, ਤਾਂ ਸਪੋਰਟਸ ਇਸ ਵਿੱਚ ਵੀ ਬਹੁਤ ਸਾਰਥਕ ਭੂਮਿਕਾ ਨਿਭਾਉਂਦਾ ਹੈ। ■



**ਭਾਰਤ-ਉਜ਼ਬੇਕ-ਕਿਰਗਿਜ਼ ਸਬੰਧ**

# ਸੱਭਿਆਚਾਰਕ ਜੁੜਾਅ ਦੀ ਮਜ਼ਬੂਤ ਡੋਰ

*ਭਾਰਤ ਅਤੇ ਮੱਧ ਏਸ਼ਿਆਈ ਦੇਸ਼ਾਂ ਦੇ ਇਤਿਹਾਸਕ ਸਬੰਧਾਂ ਨੂੰ ਨਵੇਂ ਆਯਾਮ ਦੇਣ ਵਾਲੀ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ (29 ਅਗਸਤ ਤੋਂ ਇੱਕ ਸਤੰਬਰ ਤੱਕ) ਉਜ਼ਬੇਕਿਸਤਾਨ ਅਤੇ ਕਿਰਗਿਸਤਾਨ ਦੀ ਯਾਤਰਾ ਕੂਟਨੀਤਕ ਦ੍ਰਿਸ਼ਟੀ ਪੱਖੋਂ ਬਹੁਤ ਮਹੱਤਵਪੂਰਨ ਰਹੀ। ਇਸ ਯਾਤਰਾ ਦਾ ਮੁੱਖ ਉਦੇਸ਼ ਵਪਾਰ, ਨਿਵੇਸ਼, ਰੱਖਿਆ, ਊਰਜਾ ਅਤੇ ਸਿੱਖਿਆ ਵਰਗੇ ਪ੍ਰਮੁੱਖ ਖੇਤਰਾਂ ਵਿੱਚ ਦੁਵੱਲੇ ਸਹਿਯੋਗ ਨੂੰ ਵਿਸਥਾਰ ਦੇਣਾ ਰਿਹਾ। ਨਾਲ ਹੀ, ਪੂਰੇ ਖੇਤਰ ਨੂੰ ਅੱਤਵਾਦ, ਵੱਖਵਾਦ ਅਤੇ ਉੱਗਰਵਾਦ ਦੀਆਂ ਚੁਣੌਤੀਆਂ ਤੋਂ ਮੁਕਤ ਕਰਕੇ ਇੱਕ ਸੁਰੱਖਿਅਤ ਮਾਹੌਲ ਤਿਆਰ ਕਰਨਾ ਰਿਹਾ। ਨਾਲ ਹੀ ਸ਼ੰਘਾਈ ਸਹਿਯੋਗ ਸੰਗਠਨ (SCO) ਦੀ ਸਮਿਟ ਵਿੱਚ ਭਾਰਤ ਦੀ ਸਰਗਰਮ ਭਾਈਵਾਲੀ ਨੇ ਖੇਤਰੀ ਸੰਵਾਦ ਅਤੇ ਬਹੁ-ਪੱਖੀ ਸਾਂਝੇਦਾਰੀ ਨੂੰ ਪ੍ਰਦਾਨ ਕੀਤੀ ਨਵੀਂ ਊਰਜਾ...*

ਪ੍ਰਧਾਨ ਮੰਤਰੀ ਦੀ ਵਿਦੇਸ਼ ਯਾਤਰਾ ਦਾ ਪੂਰਾ ਪ੍ਰੋਗਰਾਮ ਦੇਖਣ ਦੇ ਲਈ QR ਸਕੈਨ ਕਰੋ।

ਭਾਰਤ ਅਤੇ ਉਜ਼ਬੇਕਿਸਤਾਨ ਦੇ ਇਤਿਹਾਸਕ ਅਤੇ ਸੱਭਿਆਚਾਰਕ ਸਬੰਧਾਂ ਨੂੰ ਅੱਗੇ ਵਧਾਉਂਦੇ ਹੋਏ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਅਤੇ ਰਾਸ਼ਟਰਪਤੀ ਸ਼ਾਵਕਤ ਮਿਰਜਿਯੋਯੇਵ ਨੇ 2026-2030 ਦੇ ਲਈ ਸੱਭਿਆਚਾਰਕ ਅਦਾਨ-ਪ੍ਰਦਾਨ ਅਤੇ ਪੁਰਾਲੇਖਾਂ ਦੇ ਖੇਤਰ ਵਿੱਚ ਸਹਿਯੋਗ ਦਾ ਸਵਾਗਤ ਕੀਤਾ। ਦੋਵੇਂ ਨੇਤਾਵਾਂ ਨੇ ਵਿਸ਼ਵ ਵਿਰਾਸਤੀ ਸਥਾਨਾਂ ਦੀ ਸੰਭਾਲ, ਅਧਿਐਨ ਅਤੇ ਪੁਨਰ-ਉਸਾਰੀ ਲਈ ਖੋਜ ਸੰਸਥਾਵਾਂ, ਮਿਊਜ਼ੀਅਮਾਂ ਅਤੇ ਮਾਹਿਰਾਂ ਦਰਮਿਆਨ ਸਹਿਯੋਗ ਨੂੰ ਵਧਾਉਣ 'ਤੇ ਜ਼ੋਰ ਦਿੱਤਾ। ਇਸ ਦੇ ਤਹਿਤ ਸੱਭਿਆਚਾਰਕ ਵਿਰਾਸਤਾਂ ਦਾ ਡਿਜੀਟਾਈਜ਼ੇਸ਼ਨ, 3D ਮਾਡਲਿੰਗ ਅਤੇ ਆਧੁਨਿਕ ਤਕਨੀਕਾਂ ਦੀ ਵਰਤੋਂ ਕੀਤੀ ਜਾਵੇਗੀ। ਇਸੇ ਕੜੀ ਵਿੱਚ ਉਨ੍ਹਾਂ ਨੇ ਪ੍ਰਾਚੀਨ ਬੌਧੀ ਸਥਾਨਾਂ 'ਫਯਾਜ਼ਟੇਪਾ' (Fayaz Tepa) ਅਤੇ 'ਕਰਾਟੇਪਾ' (Karatepa) ਦੀ ਸੰਭਾਲ ਅਤੇ ਪੁਨਰ ਸੁਰਜੀਤੀ ਦੇ ਲਈ ਹੋਏ ਸਮਝੌਤੇ ਦੀ ਸ਼ਲਾਘਾ ਕੀਤੀ।

ਭਾਰਤ-ਉਜ਼ਬੇਕਿਸਤਾਨ ਸਬੰਧਾਂ ਦਾ ਅੰਦਾਜ਼ਾ ਇਸ ਗੱਲ ਤੋਂ ਵੀ ਲਗਾਇਆ ਜਾ ਸਕਦਾ ਹੈ ਕਿ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਇਹ ਚੌਥੀ ਯਾਤਰਾ ਸੀ ਅਤੇ ਪਿਛਲੇ 10 ਵਰ੍ਹਿਆਂ ਵਿੱਚ ਪ੍ਰਧਾਨ ਮੰਤਰੀ ਮੋਦੀ ਦੀ ਇੱਥੋਂ ਦੇ ਰਾਸ਼ਟਰਪਤੀ ਦੇ ਨਾਲ 10 ਤੋਂ ਜ਼ਿਆਦਾ ਵਾਰ ਮੁਲਾਕਾਤ ਹੋ ਚੁੱਕੀ ਹੈ। ਇਸ ਵਰ੍ਹੇ ਦੋਵੇਂ ਦੇਸ਼ਾਂ ਦੀ ਸਟ੍ਰੈਟੇਜਿਕ ਪਾਰਟਨਰਸ਼ਿਪ ਦੇ 15 ਵਰ੍ਹੇ ਪੂਰੇ ਹੋ ਰਹੇ ਹਨ। ਲਿਹਾਜਾ ਦੋਵੇਂ ਦੇਸ਼ਾਂ ਨੇ ਆਪਣੇ ਸਬੰਧਾਂ ਨੂੰ ਵਿਆਪਕ ਰਣਨੀਤਕ ਭਾਈਵਾਲੀ ਦਾ ਦਰਜਾ ਦੇਣ ਦਾ ਫੈਸਲਾ ਕੀਤਾ ਹੈ। ਭਵਿੱਖ ਦੀ ਦ੍ਰਿਸ਼ਟੀ ਪੱਖੋਂ ਡਿਜੀਟਲ ਪਬਲਿਕ ਇਨਫ੍ਰਾਸਟ੍ਰਕਚਰ, ਆਰਟੀਫਿਸ਼ੀਅਲ ਇੰਟੈਲੀਜੈਂਸ, ਕ੍ਰਿਟੀਕਲ ਮਿਨਰਲ, ਕਲੀਨ ਐਨਰਜੀ, ਸਪੇਸ ਅਤੇ ਨਿਊਕਲੀਅਰ ਐਨਰਜੀ ਵਿੱਚ ਸਹਿਯੋਗ ਨੂੰ ਵਧਾਉਣ ਦਾ ਫੈਸਲਾ ਕੀਤਾ ਗਿਆ ਹੈ। ਦੋਵੇਂ ਦੇਸ਼ ਆਪਣੇ-ਆਪਣੇ ਅਨੁਭਵਾਂ ਦੇ ਅਧਾਰ 'ਤੇ ਭੋਜਨ ਸੁਰੱਖਿਆ ਵਿੱਚ ਇੱਕ-ਦੂਜੇ ਦਾ ਸਹਿਯੋਗ ਕਰਨਗੇ। ਟ੍ਰੈਡਿਸ਼ਨਲ ਮੈਡੀਸਿਨ ਦੇ ਖੇਤਰ ਵਿੱਚ ਦੋਵੇਂ ਦੇਸ਼ਾਂ ਨੇ ਮਿਲ ਕੇ ਕੰਮ ਕਰਨ ਦਾ ਫੈਸਲਾ ਲਿਆ ਹੈ। ਭਾਰਤ ਸਰਕਾਰ ਨੇ ਉਜ਼ਬੇਕਿਸਤਾਨ ਵਿੱਚ ਬੌਧੀ ਵਿਰਾਸਤੀ ਸਥਾਨਾਂ ਦੀ ਸੰਭਾਲ ਲਈ ਮਿਲ ਕੇ ਕੰਮ ਕਰਨ ਦੀ ਗੱਲ ਕਹੀ ਹੈ। ਉਜ਼ਬੇਕਿਸਤਾਨ ਵਿੱਚ ਹਿੰਦੀ ਭਾਸ਼ਾ ਨੂੰ ਉਤਸ਼ਾਹਿਤ ਕਰਨ ਲਈ ਸਕੌਲਰਸ਼ਿਪਸ ਦਾ ਵੀ ਐਲਾਨ ਕੀਤਾ ਗਿਆ ਹੈ। ਖੇਡਾਂ ਦੇ ਖੇਤਰ ਵਿੱਚ ਵੀ ਨਾਲ ਮਿਲ ਕੇ ਅੱਗੇ ਵਧਣ ਦਾ ਫੈਸਲਾ ਕੀਤਾ ਗਿਆ ਹੈ। ਕੁਰਾਸ਼ ਅਤੇ ਕਬੱਡੀ ਵਰਗੀਆਂ ਰਵਾਇਤੀ ਖੇਡਾਂ ਇਸ ਸਾਂਝੇਦਾਰੀ ਨੂੰ ਨਵੀਂ ਉਚਾਈ 'ਤੇ ਲੈ ਜਾਣਗੀਆਂ।

ਦੋਵੇਂ ਨੇਤਾਵਾਂ ਨੇ ਇੱਕੋ ਜਿਹੀ ਸੋਚ ਅਤੇ ਮੱਧ ਏਸ਼ੀਆ ਦੇ ਵਧ ਰਹੇ ਮਹੱਤਵ ਦੀ ਸ਼ਲਾਘਾ ਕੀਤੀ। ਅੱਜ ਦੇ ਗੁੰਝਲਦਾਰ ਆਲਮੀ ਮਾਹੌਲ ਵਿੱਚ, ਉਨ੍ਹਾਂ ਨੇ ਇੱਕ ਸੁਤੰਤਰ, ਖੁੱਲ੍ਹੀ ਅਤੇ ਨਿਯਮਾਂ 'ਤੇ ਅਧਾਰਿਤ ਅੰਤਰਰਾਸ਼ਟਰੀ



## ਪ੍ਰਧਾਨ ਮੰਤਰੀ ਮੋਦੀ ਨੂੰ ਉਜ਼ਬੇਕਿਸਤਾਨ ਦਾ ਸਰਬਉੱਚ ਸਨਮਾਨ

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੂੰ ਉਜ਼ਬੇਕਿਸਤਾਨ ਦੇ ਰਾਸ਼ਟਰਪਤੀ ਸ਼ਾਵਕਤ ਮਿਰਜਿਯੋਯੇਵ ਦੁਆਰਾ ਦੋਵੇਂ ਦੇਸ਼ਾਂ ਦਰਮਿਆਨ ਦੋਸਤਾਨਾ ਸਬੰਧਾਂ ਨੂੰ ਮਜ਼ਬੂਤ ਕਰਨ ਵਿੱਚ ਉਨ੍ਹਾਂ ਦੇ ਯੋਗਦਾਨ ਲਈ 'ਓਲੀਦਰਾਜਲੀ ਦੋਸਤਲਿਕ' (ਸਰਬਉੱਚ ਮਿੱਤਰਤਾ ਸਨਮਾਨ) ਨਾਲ ਸਨਮਾਨਿਤ ਕੀਤਾ ਗਿਆ। ਇਹ ਉਜ਼ਬੇਕਿਸਤਾਨ ਦਾ ਵਿਦੇਸ਼ੀ ਨੇਤਾਵਾਂ ਲਈ ਸਰਬਉੱਚ ਸਨਮਾਨ ਹੈ। ਪ੍ਰਧਾਨ ਮੰਤਰੀ ਮੋਦੀ ਨੇ ਇਸ ਸਨਮਾਨ ਨੂੰ ਦੋਵੇਂ ਦੇਸ਼ਾਂ ਅਤੇ ਸੱਭਿਅਤਾਵਾਂ ਦੇ ਦਰਮਿਆਨ ਅਟੁੱਟ ਮਿੱਤਰਤਾ ਦਾ ਪ੍ਰਤੀਕ ਦੱਸਿਆ।

ਪ੍ਰਧਾਨ ਮੰਤਰੀ ਦੀ ਵਿਦੇਸ਼ ਯਾਤਰਾ ਦਾ ਪੂਰਾ ਪ੍ਰੋਗਰਾਮ ਦੇਖਣ ਦੇ ਲਈ QR ਸਕੈਨ ਕਰੋ।



## ਲਾਲ ਬਹਾਦਰ ਸ਼ਾਸਤਰੀ ਸਕੌਲਰਸ਼ਿਪ ਦਾ ਐਲਾਨ

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਤਾਸ਼ਕੰਦ ਵਿੱਚ ਸਾਬਕਾ ਪ੍ਰਧਾਨ ਮੰਤਰੀ ਲਾਲ ਬਹਾਦਰ ਸ਼ਾਸਤਰੀ ਦੇ ਸਮਾਰਕ 'ਤੇ ਜਾ ਕੇ ਸ਼ਰਧਾਂਜਲੀ ਭੇਟ ਕੀਤੀ। ਉਨ੍ਹਾਂ ਨੇ ਤਾਸ਼ਕੰਦ ਸਟੇਟ ਯੂਨੀਵਰਸਿਟੀ ਆਫ ਓਰੀਐਂਟਲ ਸਟਡੀਜ਼ ਦਾ ਵੀ ਦੌਰਾ ਕੀਤਾ। ਪ੍ਰਧਾਨ ਮੰਤਰੀ ਮੋਦੀ ਨੇ ਇਸ ਯੂਨੀਵਰਸਿਟੀ ਦੇ ਮਹਾਤਮਾ ਗਾਂਧੀ ਕੇਂਦਰ ਵਿੱਚ ਵਿਦਿਅਕ ਗਤੀਵਿਧੀਆਂ ਵਿੱਚ ਸ਼ਾਮਲ ਇੰਡੋਲੌਜਿਸਟ ਅਤੇ ਵਿਦਵਾਨਾਂ ਨਾਲ ਗੱਲਬਾਤ ਕੀਤੀ। ਆਪਣੀ ਸਰਕਾਰੀ ਯਾਤਰਾ ਦੇ ਦੌਰਾਨ, ਪ੍ਰਧਾਨ ਮੰਤਰੀ ਨੇ ਉਜ਼ਬੇਕ ਵਿਦਿਆਰਥੀਆਂ ਦੇ ਲਈ ਹਿੰਦੀ ਭਾਸ਼ਾ ਲਈ 'ਲਾਲ ਬਹਾਦਰ ਸ਼ਾਸਤਰੀ ਸਕੌਲਰਸ਼ਿਪ ਦਾ ਐਲਾਨ ਕੀਤਾ। ਇਸ ਵਰ੍ਹੇ ਇਸ ਯੂਨੀਵਰਸਿਟੀ ਵਿੱਚ ਹਿੰਦੀ ਪੜ੍ਹਾਉਣ ਦੇ 80 ਵਰ੍ਹੇ ਪੂਰੇ ਹੋ ਰਹੇ ਹਨ। ਉਜ਼ਬੇਕ ਅਤੇ ਹਿੰਦੀ ਭਾਸ਼ਾਵਾਂ ਵਿੱਚ 3,000 ਤੋਂ ਵੱਧ ਸ਼ਬਦ ਬਰਾਬਰ ਹਨ।

ਵਿਵਸਥਾ ਬਣਾਈ ਰੱਖਣ 'ਤੇ ਜ਼ੋਰ ਦਿੱਤਾ। ਦੋਵਾਂ ਦੇਸ਼ਾਂ ਨੇ ਆਪਣੀ ਮਜ਼ਬੂਤ ਰਣਨੀਤਕ ਸਾਂਝੇਦਾਰੀ ਅਤੇ ਸਮਝੌਤਿਆਂ ਦੇ ਅਧਾਰ'ਤੇ ਆਉਣ ਵਾਲੀਆਂ ਪੀੜ੍ਹੀਆਂ ਦੇ ਲਭ ਲਈ ਲੰਬੇ ਸਮੇਂ ਦੇ ਸਹਿਯੋਗ ਦਾ ਸੰਕਲਪ ਦੁਹਰਾਇਆ। ਨਾਲ ਹੀ, ਉਨ੍ਹਾਂ ਨੇ ਵਪਾਰ, ਨਿਵੇਸ਼, ਆਵਾਜਾਈ ਸੰਪਰਕ, ਡਿਜੀਟਲ ਤਕਨਾਲੋਜੀ (ਆਈਟੀ, ਏਆਈ, ਸਪੇਸ, ਸਾਈਬਰ ਸੁਰੱਖਿਆ), ਊਰਜਾ, ਮਹੱਤਵਪੂਰਨ ਖਣਿਜ, ਖੁਰਾਕ ਸੁਰੱਖਿਆ, ਸਿਹਤ ਸੇਵਾਵਾਂ, ਫਾਰਮਾਸਿਊਟੀਕਲ ਉਦਯੋਗ ਅਤੇ ਸਿੱਖਿਆ ਵਰਗੇ ਪ੍ਰਮੁੱਖ ਖੇਤਰਾਂ ਵਿੱਚ ਰਾਜਨੀਤਕ ਗੱਲਬਾਤ ਅਤੇ ਆਪਸੀ ਸਾਂਝੇਦਾਰੀ ਨੂੰ ਹੋਰ ਮਜ਼ਬੂਤ ਕਰਨ 'ਤੇ ਸਹਿਮਤੀ ਜਤਾਈ।

## ਇਨ੍ਹਾਂ ਵਿਸ਼ਿਆ 'ਤੇ ਹੋਏ ਸਮਝੌਤੇ...

- ਭਾਰਤ ਅਤੇ ਉਜ਼ਬੇਕਿਸਤਾਨ ਦੇ ਦਰਮਿਆਨ ਵਰ੍ਹੇ 2026-30 ਦੇ ਲਈ ਸੱਭਿਆਚਾਰਕ ਅਦਾਨ-ਪ੍ਰਦਾਨ ਪ੍ਰੋਗਰਾਮ।
- ਬੀਚ ਟਰਮੇਜ਼ ਸਥਿਤ ਪ੍ਰਾਚੀਨ ਬੌਧੀ ਸਥਾਨਾਂ ਫਯਾਜ਼ ਟੇਪਾ ਅਤੇ ਕਰਾਟੇਪਾ ਦੀ ਸੰਭਾਲ ਅਤੇ ਪੁਨਰ ਸੁਰਜੀਤੀ ਦੇ ਲਈ ਲੈਟਰ ਆਫ ਇੰਟੈਂਟ 'ਤੇ ਹਸਤਾਖਰ।
- ਪੁਰਾਲੇਖਾਂ ਦੇ ਖੇਤਰ ਵਿੱਚ ਸਹਿਯੋਗ 'ਤੇ ਸਮਝੌਤਾ।
- ਆਯੁਰਵੇਦ ਅਤੇ ਹੋਰ ਰਵਾਇਤੀ ਮੈਡੀਸਿਨ ਸਿਸਟਮਾਂ ਦੇ ਖੇਤਰ ਵਿੱਚ ਸਹਿਯੋਗ ਦੇ ਲਈ ਸਮਝੌਤਾ।
- ਭੂ-ਵਿਗਿਆਨ ਅਤੇ ਖਣਿਜ ਸੰਸਾਧਨ ਦੇ ਖੇਤਰ ਵਿੱਚ ਸਹਿਯੋਗ 'ਤੇ ਸਮਝੌਤਾ।
- ਟੂਰਿਜ਼ਮ ਸੈਕਟਰ ਵਿੱਚ ਸਹਿਯੋਗ ਦੇ ਲਈ ਵਰ੍ਹੇ 2026-28 ਦੀ ਭਾਈਵਾਲੀ।
- ਆਰਥਿਕ ਅਤੇ ਵਿੱਤੀ ਸੰਵਾਦ ਦੇ ਲਈ ਸਮਝੌਤਾ।
- ਵਾਤਾਵਰਣ ਦੀ ਸੰਭਾਲ ਦੇ ਖੇਤਰ ਵਿੱਚ ਸਹਿਯੋਗ।
- ਸਿੱਖਿਆ ਅਤੇ ਵਿਗਿਆਨਕ ਖੋਜ ਦੇ ਖੇਤਰ ਵਿੱਚ ਸਹਿਯੋਗ 'ਤੇ ਸਮਝੌਤਾ।

## ਐਲਾਨ..

- ਭਾਰਤ-ਉਜ਼ਬੇਕਿਸਤਾਨ ਰਣਨੀਤਕ ਭਾਈਵਾਲੀ ਨੂੰ ਇੱਕ ਵਿਆਪਕ ਰਣਨੀਤਕ ਸਾਂਝੇਦਾਰੀ ਦੇ ਪੱਧਰ ਤੱਕ ਲੈ ਜਾਣਾ।
- ਅਰਲ ਸਾਗਰ ਖੇਤਰ ਵਿੱਚ ਪੌਦੇ ਲਗਾਉਣ ਲਈ 10 ਲੱਖ ਅਮਰੀਕੀ ਡਾਲਰ ਦੀ ਗ੍ਰਾਂਟ।
- ਹਿੰਦੀ ਭਾਸ਼ਾ ਦੇ ਲਈ ਲਾਲ ਬਹਾਦਰ ਸ਼ਾਸਤਰੀ ਸਕੌਲਰਸ਼ਿਪ।
- ਤਾਸ਼ਕੰਦ ਸਟੇਟ ਯੂਨੀਵਰਸਿਟੀ ਆਫ ਓਰੀਐਂਟਲ ਸਟਡੀਜ਼ ਵਿੱਚ ਆਈਸੀਸੀਆਰ ਸੰਸਕ੍ਰਿਤ ਚੇਅਰ।
- ਭਾਰਤ ਦੇ ਯੂਪੀਆਈ ਐਪ ਨੂੰ ਉਜ਼ਬੇਕਿਸਤਾਨ ਵਿੱਚ ਵਪਾਰੀਆਂ ਨੂੰ ਭੁਗਤਾਨ ਕਰਨ ਦੇ ਲਈ ਰਾਸ਼ਟਰੀ ਕਿਊਆਰ ਕੋਡ(ਕਿਊਆਰ–ਯੂਜ਼ੈੱਡ) ਨੂੰ ਸਕੈਨ ਕਰਨ ਦੇ ਸਮਰੱਥ ਬਣਾਇਆ ਜਾਵੇਗਾ।
- ਦੁਵੱਲਾ ਵਪਾਰ ਇੱਕ ਅਰਬ ਡਾਲਰ ਪਾਰ ਕਰ ਚੁੱਕਿਆ ਹੈ। ਜਿਸ ਨੂੰ 2030 ਤੱਕ ਪੰਜ ਅਰਬ ਡਾਲਰ ਕਰਨ ਦਾ ਟੀਚਾ ਤੈਅ ਕੀਤਾ ਗਿਆ ਹੈ।




**ਐੱਸਸੀਓ ਸਮਿਟ**

# ਵਿਜ਼ਨ ਨੂੰ ਅਸਲੀਅਤ ਵਿੱਚ ਬਦਲਣ ਦਾ ਸਮਾਂ

*26ਵੇਂ ਐੱਸਸੀਓ ਸਮਿਟ ਵਿੱਚ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਕਿਹਾ ਕਿ ਪਿਛਲੇ 25 ਵਰ੍ਹਿਆਂ ਵਿੱਚ ਐੱਸਸੀਓ ਨੇ ਸਹਿਯੋਗ ਦੀ ਮਜ਼ਬੂਤ ਨੀਂਹ ਤਿਆਰ ਕੀਤੀ ਹੈ। ਹੁਣ ਆਉਣ ਵਾਲੇ 25 ਵਰ੍ਹਿਆਂ ਵਿੱਚ ਐੱਸਸੀਓ ਦਾ ਟੀਚਾ ਇਸ ਸਹਿਯੋਗ ਨੂੰ ਸਪਸ਼ਟ ਨਤੀਜਿਆਂ ਵਿੱਚ ਬਦਲਣ ਦਾ ਹੋਣਾ ਚਾਹੀਦਾ ਹੈ। ਪ੍ਰਧਾਨ ਮੰਤਰੀ ਮੋਦੀ ਨੇ ਐੱਸਸੀਓ ਦੀ ਪਿਛਲੀ ਮੀਟਿੰਗ ਵਿੱਚ ਭਾਰਤ ਦੀ ਸੋਚ ਦੇ ਤਿੰਨ ਥੰਮ੍ਹਾਂ (ਐੱਸ-ਸਕਿਓਰਿਟੀ, ਸੀ- ਕਨੈਕਟੀਵਿਟੀ ਅਤੇ ਓ-ਓਪਰਚਿਊਨਿਟੀ) ਦਾ ਕੀਤਾ ਜ਼ਿਕਰ...*

- **ਸ਼ਾਂਤੀ ਅਤੇ ਸੁਰੱਖਿਆ** : ਅੱਤਵਾਦ ਅੱਜ ਪੂਰੀ ਮਨੁੱਖਤਾ ਦੇ ਲਈ ਗੰਭੀਰ ਚੁਣੌਤੀ ਬਣਿਆ ਹੋਇਆ ਹੈ। ਇਸ ਦੇ ਵਿਰੁੱਧ ਲੜਾਈ ਵਿੱਚ ਐਕਸ਼ਨ ਅਤੇ ਰਿਐਕਸ਼ਨ ਦੀ ਸੋਚ ਤੋਂ ਅੱਗੇ ਨਿਕਲ ਕੇ ਇਸ ਦੇ ਪੂਰੇ ਈਕੋਸਿਸਟਮ ਨੂੰ ਖ਼ਤਮ ਕਰਨਾ ਹੋਵੇਗਾ। ਜੋ ਦੇਸ਼ ਅੱਤਵਾਦ ਨੂੰ ਆਪਣੀ ਨੀਤੀ ਦਾ ਸਾਧਕ ਬਣਾਉਂਦੇ ਹਨ, ਅੱਤਵਾਦੀਆਂ ਨੂੰ ਪਨਾਹ ਦਿੰਦੇ ਹਨ, ਉਨ੍ਹਾਂ ਨੂੰ ਸਖ਼ਤ ਸੁਨੇਹਾ ਦੇਣਾ ਹੋਵੇਗਾ। ਪੱਛਮੀ ਏਸ਼ੀਆ ਦੇ ਸੰਕਟ ਨੇ ਇਹ ਦਿਖਾਇਆ ਹੈ ਕਿ ਕਿਸੇ ਇੱਕ ਖੇਤਰ ਦਾ ਸੰਘਰਸ਼ ਉੱਥੇ ਤੱਕ ਹੀ ਸੀਮਤ ਨਹੀਂ ਰਹਿੰਦਾ। ਉਸ ਦਾ ਅਸਰ ਪੂਰੇ ਵਿਸ਼ਵ ਦੀ ਊਰਜਾ ਸੁਰੱਖਿਆ, ਸਮੁੰਦਰੀ ਵਪਾਰ ਅਤੇ ਸਪਲਾਈ ਚੇਨ 'ਤੇ ਪੈਂਦਾ ਹੈ। ਇਸ ਦਾ ਸਭ ਤੋਂ ਵੱਧ ਖਾਮਿਆਜ਼ਾ ਗਲੋਬਲ ਸਾਊਥ ਦੇ ਦੇਸ਼ਾਂ ਨੂੰ ਭੁਗਤਨਾ ਪੈਂਦਾ ਹੈ। ਇਸ ਲਈ ਭਾਰਤ ਦੀ ਮੰਗ ਰਹੀ ਹੈ ਕਿ ਸਾਰੇ ਤਣਾਅ ਅਤੇ ਯੁੱਧਾਂ ਦਾ ਹੱਲ ਯੁੱਧ ਦੇ ਮੈਦਾਨ 'ਤੇ ਨਹੀਂ, ਗੱਲਬਾਤ ਅਤੇ ਕੂਟਨੀਤੀ ਨਾਲ ਹੀ ਸੰਭਵ ਹੈ।

- **ਮਜ਼ਬੂਤ ਅਤੇ ਭਰੋਸੇਯੋਗ ਕਨੈਕਟੀਵਿਟੀ** : ਭਾਰਤ ਉਨ੍ਹਾਂ ਸਾਰੇ ਯਤਨਾਂ ਦਾ ਸਮਰਥਨ ਕਰਦਾ ਹੈ, ਜੋ ਬਜ਼ਾਰ ਨੂੰ ਜੋੜਦੇ ਹਨ। ਵਪਾਰ ਨੂੰ ਸਰਲ ਬਣਾਉਂਦੇ ਹਨ ਅਤੇ ਵਿਕਾਸ ਦੇ ਨਵੇਂ ਰਾਹ ਖੋਲ੍ਹਦੇ ਹਨ। ਹਾਲਾਂਕਿ ਇਨ੍ਹਾਂ ਯਤਨਾਂ ਵਿੱਚ ਸਾਰੇ ਦੇਸ਼ਾਂ ਦੀ ਅਖੰਡਤਾ ਅਤੇ ਖੇਤਰੀ ਅਖੰਡਤਾ ਦਾ ਸਨਮਾਨ ਵੀ ਅਤਿਅੰਤ ਲਾਜ਼ਮੀ ਹੈ।

> *ਡਰੱਗ ਟ੍ਰੈਫਿਕਿੰਗ ਸਿਰਫ਼ ਇੱਕ ਅਪਰਾਧ ਨਹੀਂ ਹੈ ਸਗੋਂ ਨੌਜਵਾਨ ਪੀੜ੍ਹੀ ਅਤੇ ਖੇਤਰੀ ਸੁਰੱਖਿਆ ਦੇ ਲਈ ਗੰਭੀਰ ਖ਼ਤਰਾ ਹੈ। ਐੱਸਸੀਓ ਦੇ ਤਹਿਤ ਸੁਰੱਖਿਆ ਖ਼ਤਰਾ, ਆਰਗੇਨਾਈਜ਼ਡ ਕ੍ਰਾਈਮ, ਸੂਚਨਾ ਸੁਰੱਖਿਆ ਅਤੇ ਨਾਰਕੋਟਿਕਸ ਵਰਗੀਆਂ ਚੁਣੌਤੀਆਂ ਨਾਲ ਨਜਿੱਠਣ ਦੇ ਲਈ ਸਥਾਪਿਤ ਕੀਤੇ ਜਾ ਰਹੇ ਸੈਂਟਰ ਇੱਕ ਸਕਾਰਾਤਮਕ ਕਦਮ ਹਨ।*
>
> **- ਨਰੇਂਦਰ ਮੋਦੀ, ਪ੍ਰਧਾਨ ਮੰਤਰੀ**

- **ਮੌਕੇ** : ਸਭ ਤੋਂ ਵੱਡੀ ਪੂਜਾ ਲੋਕਾਂ ਦਰਮਿਆਨ ਆਪਸੀ ਸਬੰਧ ਹਨ। ਭਾਰਤ ਦੇ ਲਈ ਐੱਸਸੀਓ ਮਹਾਨ ਸੱਭਿਅਤਾਵਾਂ, ਸੱਭਿਆਚਾਰਾਂ ਤੇ ਵਿਚਾਰਾਂ ਦਾ ਸੰਗਮ ਹੈ। ਐੱਸਸੀਓ ਦੇ ਅਗਲੇ ਪੱਚੀ ਵਰ੍ਹਿਆਂ ਵਿੱਚ ਮੈਂਬਰ ਦੇਸ਼ਾਂ ਦੇ ਨਾਗਰਿਕਾਂ ਦਰਮਿਆਨ ਆਪਸੀ ਸਬੰਧਾਂ ਨੂੰ ਸਹਿਯੋਗ ਦੇ ਕੇਂਦਰ ਵਿੱਚ ਰੱਖਣਾ ਚਾਹੀਦਾ ਹੈ।



# ਪ੍ਰਧਾਨ ਮੰਤਰੀ ਮੋਦੀ ਦੀ ਰੂਸ ਦੇ ਰਾਸ਼ਟਰਪਤੀ ਦੇ ਨਾਲ ਹੋਈ ਮੀਟਿੰਗ

ਬਿਸ਼ਕੇਕ ਵਿਖੇ 26ਵੇਂ ਐੱਸਸੀਓ ਸਮਿਟ ਦੌਰਾਨ ਭਾਰਤ ਦੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਅਤੇ ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਦਰਮਿਆਨ ਮੀਟਿੰਗ ਹੋਈ। ਮੀਟਿੰਗ ਵਿੱਚ ਦੋਵੇਂ ਨੇਤਾਵਾਂ ਨੇ ਆਪਸੀ ਹਿਤ ਦੇ ਅਹਿਮ ਖੇਤਰੀ ਅਤੇ ਆਲਮੀ ਮੁੱਦਿਆਂ ਬਾਰੇ ਆਪਣੇ ਵਿਚਾਰ ਸਾਂਝੇ ਕੀਤੇ। ਵਿਚਾਰਾਂ ਵਿੱਚ ਪੱਛਮੀ ਏਸ਼ੀਆ ਅਤੇ ਕਾਲਾ ਸਾਗਰ ਖੇਤਰ ਵਿੱਚ ਚੱਲ ਰਹੇ ਸੰਘਰਸ਼ ਦਾ ਮੁੱਦਾ ਸ਼ਾਮਲ ਰਿਹਾ, ਜਿਨ੍ਹਾਂ ਦਾ ਸਮੁੰਦਰੀ ਵਪਾਰ ਅਤੇ ਭਾਰਤੀ ਸਮੁੰਦਰੀ ਕਰਮਚਾਰੀਆਂ ਦੀ ਸੁਰੱਖਿਆ 'ਤੇ ਅਸਰ ਪਿਆ ਹੈ।

ਪ੍ਰਧਾਨ ਮੰਤਰੀ ਮੋਦੀ ਨੇ ਦੁਹਰਾਇਆ ਕਿ ਗੱਲਬਾਤ ਅਤੇ ਕੂਟਨੀਤੀ ਹੀ ਸੰਘਰਸ਼ਾਂ ਨੂੰ ਸੁਲਝਾਉਣ ਦਾ ਸਹੀ ਰਾਹ ਹੈ। ਦੋਵੇਂ ਨੇਤਾ ਆਪਣੇ ਦੇਸ਼ਾਂ ਦਰਮਿਆਨ ਵਿਸ਼ੇਸ਼ ਅਤੇ ਵਿਸ਼ੇਸ਼ ਅਧਿਕਾਰ ਪ੍ਰਾਪਤ ਰਣਨੀਤਕ ਸਾਂਝੇਦਾਰੀ ਨੂੰ ਹੋਰ ਮਜ਼ਬੂਤ ਕਰਨ ਦੇ ਲਈ ਮਿਲ ਕੇ ਕੰਮ ਕਰਨ 'ਤੇ ਸਹਿਮਤ ਹੋਏ। ਦੋਵੇਂ ਨੇਤਾਵਾਂ ਦੀ ਇਸ ਵਰ੍ਹੇ ਦੀ ਪਹਿਲੀ ਮੁਲਾਕਾਤ ਸੀ। ਐੱਸਸੀਓ ਸਮਿਟ ਦੌਰਾਨ ਕਈ ਹੋਰ ਦੇਸ਼ਾਂ ਦੇ ਮੁਖੀਆਂ ਦੇ ਨਾਲ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਮੁਲਾਕਾਤ ਹੋਈ ਜਿਸ ਵਿੱਚ ਦੁਵੱਲੇ ਮੁੱਦਿਆਂ ਦੇ ਨਾਲ- ਨਾਲ ਆਲਮੀ ਮੁੱਦਿਆਂ ਬਾਰੇ ਵਿਸਥਾਰ ਨਾਲ ਚਰਚਾ ਹੋਈ।



**ਭਾਰਤ ਨੇ ਐੱਸਸੀਓ ਵਿੱਚ ਸਟਾਰਟਅੱਪ ਫੋਰਮ, ਯੰਗ ਔਥਰਸ ਕਨਕਲੇਵ ਅਤੇ ਯੰਗ ਸਾਇੰਟਿਸਟ ਫੋਰਮ ਦੀ ਸ਼ੁਰੂਆਤ ਕੀਤੀ ਹੈ।**

- **20 ਤੋਂ ਵੱਧ ਫੈਸਲੇ :** ਬਿਸ਼ਕੇਕ ਘੋਸ਼ਣਾ-ਪੱਤਰ ਤੋਂ ਇਲਾਵਾ, ਇਸ ਸਮਿਟ ਵਿੱਚ ਜਲਵਾਯੂ, ਪਰਮਾਣੂ ਸੁਰੱਖਿਆ, ਊਰਜਾ ਦੀ ਸੰਭਾਲ ਅਤੇ ਨਸ਼ੀਲੇ ਪਦਾਰਥਾਂ ਦੀ ਆਦਤ ਨਾਲ ਨਜਿੱਠਣ ਵਰਗੇ ਖੇਤਰਾਂ ਵਿੱਚ ਚਾਰ ਸਹਿਮਤੀ-ਪੱਤਰ ਅਤੇ 20 ਤੋਂ ਵੱਧ ਫ਼ੈਸਲੇ ਅਤੇ ਸੰਬੋਧਨ ਸਵੀਕਾਰ ਕੀਤੇ ਗਏ।

# ਮਜ਼ਬੂਤ ਹੁੰਦਾ ਕਰੂਜ਼ ਇਨਫ੍ਰਾਸਟ੍ਰਕਚਰ

*ਭਾਰਤ ਵਿੱਚ 111 ਰਾਸ਼ਟਰੀ ਜਲਮਾਰਗਾਂ ਦਾ ਇੱਕ ਵਿਸਤ੍ਰਿਤ ਨੈੱਟਵਰਕ ਹੈ। 20 ਹਜ਼ਾਰ ਕਿਲੋਮੀਟਰ ਲੰਬਾ ਇਹ ਨੈੱਟਵਰਕ 23 ਰਾਜਾਂ ਅਤੇ ਚਾਰ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਵਿੱਚ ਫੈਲਿਆ ਹੋਇਆ ਹੈ। ਹਾਲੇ 32 ਰਾਸ਼ਟਰੀ ਜਲਮਾਰਗ ਆਪ੍ਰੇਸ਼ਨਲ ਹਨ। ਕੇਂਦਰ ਸਰਕਾਰ ਵੱਲੋਂ 5 ਵਰ੍ਹਿਆਂ ਦੇ ਵਿਸ਼ੇਸ਼ ਟੀਚਿਆਂ ਦੇ ਨਾਲ ਸ਼ੁਰੂ ਕਰੂਜ਼ ਭਾਰਤ ਮਿਸ਼ਨ ਦੇ 30 ਸਤੰਬਰ ਨੂੰ ਦੋ ਵਰ੍ਹੇ ਪੂਰੇ ਹੋ ਰਹੇ ਹਨ। ਸਰਕਾਰ ਨੇ ਅਗਲੇ 5 ਵਰ੍ਹਿਆਂ ਵਿੱਚ 20 ਨਵੇਂ ਰਾਸ਼ਟਰੀ ਜਲਮਾਰਗਾਂ ਨੂੰ ਲੜੀਬੱਧ ਆਪ੍ਰੇਸ਼ਨਲ ਕਰਨ ਦਾ ਐਲਾਨ ਕੀਤਾ ਹੈ... ਆਓ ਜਾਣਦੇ ਹਾਂ ਕਿ ਕਿਸ ਤਰ੍ਹਾਂ ਹੋ ਰਿਹਾ ਹੈ ਜਲਮਾਰਗਾਂ 'ਤੇ ਕਰੂਜ਼ ਟੂਰਿਜ਼ਮ ਅਤੇ ਨੈਵੀਗੇਸ਼ਨ ਦਾ ਵਿਕਾਸ...*



ਦੇਸ਼ ਵਿੱਚ ਕਰੂਜ਼ ਟੂਰਿਜ਼ਮ ਦੀਆਂ ਅਨੇਕਾਂ ਸੰਭਾਵਨਾਵਾਂ ਨੂੰ ਹੁਲਾਰਾ ਦੇਣ ਦੇ ਉਦੇਸ਼ ਨਾਲ 30 ਸਤੰਬਰ 2024 ਨੂੰ ਸ਼ੁਰੂ ਕਰੂਜ਼ ਭਾਰਤ ਮਿਸ਼ਨ ਦਾ ਟੀਚਾ 2029 ਤੱਕ ਕਰੂਜ਼ ਯਾਤਰੀ ਆਵਾਜਾਈ ਨੂੰ ਦੁੱਗਣਾ ਕਰਨਾ ਹੈ। ਨਾਲ ਹੀ, ਪੰਜ ਵਰ੍ਹਿਆਂ ਵਿੱਚ 10 ਸਮੁੰਦਰੀ ਕਰੂਜ਼ ਟਰਮੀਨਲ, 100 ਨਦੀ ਕਰੂਜ਼ ਟਰਮੀਨਲ ਅਤੇ 5 ਮਰੀਨ ਦੀ ਸਥਾਪਨਾ ਕਰਨਾ ਹੈ। ਜੇਕਰ ਬੀਤੇ 12 ਵਰ੍ਹਿਆਂ ਦੀ ਗੱਲ ਕਰੀਏ ਤਾਂ ਸਮੁੰਦਰੀ ਕਰੂਜ਼ ਯਾਤਰੀਆਂ ਦੀ ਗਿਣਤੀ ਵਿੱਚ 300 ਫੀਸਦੀ ਤੋਂ ਵੱਧ ਦਾ ਵਾਧਾ ਹੋਇਆ ਹੈ। ਵਰ੍ਹੇ 2014 -15 ਵਿੱਚ ਸਮੁੰਦਰ ਕਰੂਜ਼ ਯਾਤਰੀਆਂ ਦੀ ਗਿਣਤੀ 1.08 ਲੱਖ ਸੀ ਜੋ ਕਿ 2025-26 ਵਿੱਚ ਵਧ ਕੇ 4.62 ਲੱਖ ਹੋ ਗਈ ਹੈ। ਅਗਲੇ ਇੱਕ ਦਹਾਕੇ ਵਿੱਚ ਭਾਰਤੀ ਕਰੂਜ਼ ਬਜ਼ਾਰ ਵਿੱਚ ਅੱਠ ਗੁਣਾ ਦੇ ਵਾਧੇ ਦੀ ਸੰਭਾਵਨਾ ਵਿਅਕਤ ਕੀਤੀ ਗਈ ਹੈ। ਮਿਸ਼ਨ ਦੇ ਪਹਿਲੇ ਪੜਾਅ ਦੇ ਤਹਿਤ ਅਧਿਐਨ, ਮਾਸਟਰ ਪਲਾਨਿੰਗ ਅਤੇ ਗੁਆਂਢੀ ਦੇਸ਼ਾਂ ਦੇ ਨਾਲ ਕਰੂਜ਼ ਸਾਂਝੇਦਾਰੀ ਦੇ ਨਾਲ ਮੌਜੂਦਾ ਟਰਮੀਨਲ ਦਾ ਆਧੁਨਿਕੀਕਰਣ ਕਰਨ ਦਾ ਕੰਮ ਤੇਜ਼ ਰਫ਼ਤਾਰ ਨਾਲ ਚੱਲ ਰਿਹਾ ਹੈ। ਅੱਗੇ ਦੇ ਦੋ ਪੜਾਵਾਂ ਦੇ ਲਈ ਸਰਕਾਰ ਨੇ 19 ਨਵੇਂ ਜਲ ਮਾਰਗਾਂ ਦੇ ਆਪ੍ਰੇਸ਼ਨਲ ਕਰਨ ਦਾ ਖਰੜਾ ਵੀ ਮੌਜੂਦਾ ਵਿੱਤੀ ਵਰ੍ਹੇ 2026- 27 ਦੇ ਬਜਟ ਵਿੱਚ ਪੇਸ਼ ਕੀਤਾ ਹੈ।

ਕਰੂਜ਼ ਭਾਰਤ ਮਿਸ਼ਨ ਅਤੇ ਮੈਰੀਟਾਈਮ ਇੰਡੀਆ ਵਿਜ਼ਨ 2030 ਵਰਗੀਆਂ ਮੁੱਖ ਪਹਿਲਕਦਮੀਆਂ ਦੇ ਨਾਲ, ਸਰਕਾਰ ਭਾਰਤ ਨੂੰ ਗਲੋਬਲ ਕਰੂਜ਼ ਡੈਸਟੀਨੇਸ਼ਨ ਦੇ ਰੂਪ ਵਿੱਚ ਸਥਾਪਿਤ ਕਰਨ ਦੇ ਲਈ ਇੱਕ ਮਜ਼ਬੂਤ ਨੀਂਹ ਰੱਖ ਰਹੀ ਹੈ। ਕੇਰਲ ਦੇ ਸ਼ਾਂਤ ਬੈਕਵਾਟਰ ਤੋਂ ਲੈ ਕੇ ਰਾਜਸੀ ਗੰਗਾ, ਯਮੁਨਾ ਅਤੇ ਬ੍ਰਹਮਪੁੱਤਰ ਦੇ ਪ੍ਰਾਚੀਨ ਵਿਸਥਾਰ ਤੱਕ, ਕਰੂਜ਼ ਟੂਰਿਜ਼ਮ ਨਾ ਸਿਰਫ਼ ਨਵੀਆਂ ਆਰਥਿਕ ਸੰਭਾਵਨਾਵਾਂ ਨੂੰ ਖੋਲ੍ਹ ਰਿਹਾ ਹੈ, ਸਗੋਂ ਰੁਜ਼ਗਾਰ ਸਿਰਜਣਾ ਦੀਆਂ ਨਵੀਆਂ ਸੰਭਾਵਨਾਵਾਂ ਵੀ ਵਧਾ ਰਿਹਾ ਹੈ।

## ਕਰੂਜ਼ ਟੂਰਿਜ਼ਮ ਨੂੰ ਹੁਲਾਰਾ ਦੇਣ ਵਾਲੇ ਕਦਮ

- ਟੂਰਿਜ਼ਮ ਮੰਤਰਾਲੇ ਨੇ ਇੰਡੀਅਨ ਪੋਰਟਸ 'ਤੇ ਕਰੂਜ਼ ਵੈਸਲ ਦੇ ਲਈ ਐੱਸਓਪੀ-3 ਜਾਰੀ ਕੀਤੀ।
- ਵਿਸ਼ਾਖਾਪਟਨਮ (ਸਤੰਬਰ 2023), ਮੁੰਬਈ (ਸਤੰਬਰ 2025) ਅਤੇ ਚੇੱਨਈ (ਜੂਨ 2026) ਵਿੱਚ ਇੰਟਰਨੈਸ਼ਨਲ ਕਰੂਜ਼ ਟਰਮੀਨਲ ਨੂੰ ਅਪਗ੍ਰੇਡ ਅਤੇ ਸ਼ੁਰੂ ਕੀਤਾ ਗਿਆ ਹੈ।
- ਪੁਡੂਚੇਰੀ ਦੇ ਨਾਲ ਪੂਰਬੀ ਤਟ ਕਰੂਜ਼ ਸਰਕਟ ਦਾ ਵਿਸਥਾਰ ਕੀਤਾ ਗਿਆ ਹੈ।
- ਸਾਰੀਆਂ ਨੌਂ ਕਰੂਜ਼ ਡੈਸਟੀਨੇਸ਼ਨਾਂ ਸਮੇਤ ਗੁਜਰਾਤ ਸਮੁੰਦਰੀ ਬੋਰਡ ਵਿੱਚ ਡੈਸਟੀਨੇਸ਼ਨ ਟਾਸਕ ਫੋਰਸ ਦਾ ਗਠਨ ਕੀਤਾ ਗਿਆ।
- ਕਰੂਜ਼ ਵੈਸਲਜ਼ ਦੇ ਲਈ ਕਿਊਆਰ-ਅਧਾਰਿਤ ਇਮੀਗ੍ਰੇਸ਼ਨ ਸਿਸਟਮ ਸ਼ੁਰੂ ਕੀਤਾ ਗਿਆ ਹੈ।
- ਕਰੂਜ਼ ਵੈਸਲਜ਼ ਲਈ ਕਸਟਮਜ਼ ਕਲੀਅਰੈਂਸ ਦੀ ਪ੍ਰਕਿਰਿਆ ਨੂੰ ਤੇਜ਼ ਕਰਨ ਲਈ ਡਿਜੀਟਲ ਕਸਟਮਜ਼ ਪ੍ਰਕਿਰਿਆਵਾਂ ਅਤੇ ਸਵੈ-ਘੋਸ਼ਣਾ ਪ੍ਰਣਾਲੀ ਸ਼ੁਰੂ ਕੀਤੀ ਗਈ ਹੈ।
- ਵਿਦੇਸ਼ੀ ਟੂਰਿਸਟ ਸਮੂਹਾਂ ਦੇ ਪ੍ਰਵੇਸ਼ ਨੂੰ ਪਹੁੰਚਯੋਗ ਬਣਾਉਣ ਲਈ ਈ-ਗਰੁੱਪ ਯਾਤਰਾ ਵੀਜ਼ਾ ਸ਼ੁਰੂ ਕੀਤਾ।
- ਵਿਦੇਸ਼ੀ ਕਰੂਜ਼ ਦੇ ਲਈ ਕੈਬੋਟੇਜ਼ ਮੁਆਫ ਕੀਤਾ।

# ਨਿਡਰਤਾ , ਦਿਆਲਤਾ ਅਤੇ ਦ੍ਰਿੜ੍ਹ ਵਿਸ਼ਵਾਸ ਦੀ ਮਿਸਾਲ



*ਸਮਾਜ ਸੁਧਾਰਕ ਰਾਣੀ ਰਸ਼ਮਨੀ ਨੇ ਨਾ ਸਿਰਫ਼ ਈਸਟ ਇੰਡੀਆ ਕੰਪਨੀ ਨੂੰ ਚੁਣੌਤੀ ਦੇ ਕੇ ਅੰਗਰੇਜ਼ਾਂ ਨਾਲ ਟੱਕਰ ਲਈ ਸਗੋਂ ਆਪਣਾ ਜੀਵਨ ਵੀ ਜਨਤਕ ਭਲਾਈ ਦੇ ਲਈ ਸਮਰਪਿਤ ਕੀਤਾ। ਇੰਨਾ ਹੀ ਨਹੀਂ, ਨਿਡਰਤਾ, ਦਿਆਲਤਾ ਅਤੇ ਦ੍ਰਿੜ੍ਹ ਵਿਸ਼ਵਾਸ ਦੀ ਪ੍ਰਤੀਕ ਰਾਣੀ ਨੇ ਬਹੁ ਵਿਆਹ 'ਤੇ ਪਾਬੰਦੀ ਲਗਾਉਣ ਵਾਲੇ ਕਾਨੂੰਨ ਦੇ ਲਈ ਗੰਭੀਰਤਾ ਨਾਲ ਕੰਮ ਕੀਤਾ। ਵਿਧਵਾ ਵਿਆਹ ਨੂੰ ਵੀ ਹੁਲਾਰਾ ਦਿੱਤਾ। ਦਕਸ਼ਿਣੇਸ਼ਵਰ ਕਾਲੀ ਮੰਦਿਰ ਦਾ ਨਿਰਮਾਣ ਕਰਕੇ ਜਿੱਥੇ ਉਨ੍ਹਾਂ ਨੇ ਅਧਿਆਤਮਿਕਤਾ ਦਾ ਪਰੀਚੈ ਦਿੱਤਾ ਉੱਥੇ ਹੀ ਉਹ ਗ਼ਰੀਬਾਂ ਦੀ ਭਲਾਈ ਲਈ ਜੀਵਨ ਭਰ ਕਰਦੀ ਰਹੀ ਕੰਮ...*

*ਜਨਮ : 28 ਸਤੰਬਰ, 1793, ਦੇਹਾਂਤ : 19 ਫਰਵਰੀ 1861*

ਗੱਲ ਹੈ 1850 ਦੀ, ਜਦੋਂ ਬ੍ਰਿਟਿਸ਼ ਹਕੂਮਤ ਭਾਰਤ 'ਤੇ ਕਬਜ਼ਾ ਕਰਕੇ ਬੈਠੀ ਸੀ। ਉਸ ਸਮੇਂ ਇੱਕ ਮਹਿਲਾ ਆਪਣੇ ਅਧਿਕਾਰ ਦੇ ਲਈ ਅੰਗਰੇਜ਼ਾਂ ਦੇ ਸਾਹਮਣੇ ਇੱਕ ਚੁਣੌਤੀ ਬਣ ਕੇ ਆਈ। ਇਹ ਮਹਿਲਾ ਕੋਈ ਹੋਰ ਨਹੀਂ ਸਗੋਂ ਰਾਣੀ ਰਸ਼ਮਨੀ ਸੀ, ਜਿਸਨੇ ਨਾ ਸਿਰਫ਼ ਮਹੱਤਵਪੂਰਨ ਅੰਦੋਲਨਾਂ ਦੀ ਅਗਵਾਈ ਕੀਤੀ ਬਲਕਿ ਸਮਾਜਿਕ ਬੁਰਾਈਆਂ ਵਿਰੁੱਧ ਲਗਾਤਾਰ ਆਪਣੀ ਆਵਾਜ਼ ਵੀ ਉਠਾਈ।

28 ਸਤੰਬਰ 1793 ਨੂੰ 'ਕੋਨਾ' ਪਿੰਡ (ਜੋ ਹੁਣ ਨਦੀਆ- ਉੱਤਰ 24 ਪਰਗਨਾ ਸਰਹੱਦ 'ਤੇ ਹੈ) ਵਿੱਚ ਇੱਕ ਮਹਿਸ਼ਯਾ ਕਿਸਾਨ ਪਰਿਵਾਰ ਵਿੱਚ ਪੈਦਾ ਹੋਈ ਰਾਣੀ ਰਸ਼ਮਨੀ ਨੂੰ ਜੀਵਨ ਦੇ ਸ਼ੁਰੂ ਵਿੱਚ ਕਈ ਔਕੜਾਂ ਦਾ ਸਾਹਮਣਾ ਕਰਨਾ ਪਿਆ। ਜਦੋਂ ਉਹ ਸਿਰਫ਼ ਸੱਤ ਸਾਲਾਂ ਦੀ ਸੀ, ਤਾਂ ਉਸ ਦੀ ਮਾਂ ਗੁਜ਼ਰ ਗਈ । ਅਜਿਹੇ ਸਮੇਂ ਉਨ੍ਹਾਂ ਨੂੰ ਕਾਫੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ। ਜਦੋਂ ਉਹ 11 ਵਰ੍ਹਿਆਂ ਦੀ ਹੋਈ ਤਾਂ ਉਸਦਾ ਵਿਆਹ ਬਾਬੂ ਰਾਜਚੰਦਰ ਦਾਸ ਨਾਲ ਹੋਇਆ, ਜੋ ਕਿ ਕੋਲਕਾਤਾ ਦੇ ਜਨਬਾਜ਼ਾਰ ਖੇਤਰ ਦਾ ਇੱਕ ਅਮੀਰ ਜ਼ਿਮੀਂਦਾਰ ਸੀ। 1836 ਵਿੱਚ ਆਪਣੇ ਪਤੀ ਦੀ ਮੌਤ ਤੋਂ ਬਾਅਦ, ਰਸ਼ਮਨੀ ਨੇ ਜਾਇਦਾਦ ਅਤੇ ਵਿੱਤੀ ਮਾਮਲਿਆਂ ਦੀ ਜ਼ਿੰਮੇਵਾਰੀ ਸੰਭਾਲੀ; ਆਪਣੇ ਬੇਮਿਸਾਲ ਪ੍ਰਬੰਧਨ - ਹੁਨਰ ਅਤੇ ਸਮਾਜ ਸੇਵਾ ਪ੍ਰਤੀ ਸਮਰਪਣ ਦੁਆਰਾ, ਉਨ੍ਹਾਂ ਨੇ - ਲੋਕਾਂ ਦਾ ਸਤਿਕਾਰ ਅਤੇ ਪਿਆਰ ਪ੍ਰਾਪਤ ਕੀਤਾ।

ਸਮਾਜ –ਸੇਵਾ ਅਤੇ ਸਮਾਜਿਕ ਯੋਗਦਾਨ ਦੇ ਲਈ ਪਛਾਣ ਰੱਖਣ ਵਾਲੀ ਰਾਣੀ ਰਸ਼ਮਨੀ ਨੇ 1847 ਅਤੇ 1855 ਦੇ ਦਰਮਿਆਨ ਪ੍ਰਸਿੱਧ ਦਕਸ਼ਿਣੇਸ਼ਵਰ ਕਾਲੀ ਮੰਦਿਰ ਦਾ ਨਿਰਮਾਣ ਕਰਵਾਇਆ ਜਿਸ ਦੇ ਲਈ ਉਨ੍ਹਾਂ ਨੇ 30,000 ਏਕੜ ਜ਼ਮੀਨ ਖਰੀਦੀ ਅਤੇ ਇਸ ਪ੍ਰੋਜੈਕਟ ਵਿੱਚ ਅੱਠ ਵਰ੍ਹੇ ਅਤੇ ਨੌਂ ਲੱਖ ਰੁਪਏ ਲਗਾਏ। ਉਨ੍ਹਾਂ ਨੇ ਗੰਗਾ ਕਿਨਾਰੇ ਘਾਟਾਂ ਅਤੇ ਤੀਰਥ ਯਾਤਰੀਆਂ ਦੇ ਲਈ ਸੜਕਾਂ ਦੇ ਨਿਰਮਾਣ ਲਈ ਵੀ ਪੈਸੇ ਦਿੱਤੇ ਅਤੇ ਨੈਸ਼ਨਲ ਲਾਇਬ੍ਰੇਰੀ ਆਫ ਇੰਡੀਆ ਅਤੇ ਹਿੰਦੂ ਕਾਲਜ (ਹੁਣ ਪ੍ਰੈਜ਼ੀਡੈਂਸੀ ਯੂਨੀਵਰਸਿਟੀ) ਵਰਗੀਆਂ ਸੰਸਥਾਵਾਂ ਵਿੱਚ ਵੀ ਯੋਗਦਾਨ ਦਿੱਤਾ।

ਇੰਨਾ ਹੀ ਨਹੀਂ, ਆਪਣੀ ਦਲੇਰੀ ਦੇ ਲਈ ਪਛਾਣ ਰੱਖਣ ਵਾਲੀ ਰਾਣੀ ਰਸ਼ਮਨੀ ਕਈ ਮੌਕਿਆਂ 'ਤੇ ਬ੍ਰਿਟਿਸ਼ ਅਧਿਕਾਰੀਆਂ ਦੇ ਸਾਹਮਣੇ ਡਟ ਕੇ ਖੜ੍ਹੀ ਰਹੀ। ਉਨ੍ਹਾਂ ਨੇ ਗੰਗਾ ਵਿੱਚ ਮੱਛੀ ਫੜਨ 'ਤੇ ਲੱਗਣ ਵਾਲੇ ਟੈਕਸ ਨੂੰ ਚੁਣੌਤੀ ਦਿੱਤੀ। ਧਾਰਮਿਕ ਜਲਸਿਆਂ 'ਤੇ ਲਗੀ ਰੋਕ ਦਾ ਵਿਰੋਧ ਕੀਤਾ, ਜਿਸ ਨਾਲ ਸਥਾਨਕ ਲੋਕਾਂ ਦੀ ਰੋਜ਼ੀ ਰੋਟੀ ਅਤੇ ਪਰੰਪਰਾਵਾਂ ਦੀ ਸਫਲਤਾਪੂਰਵਕ ਰੱਖਿਆ ਹੋਈ। ਉਨ੍ਹਾਂ ਨੇ ਈਸ਼ਵਰ ਚੰਦ੍ਰ ਵਿਦਿਆਸਾਗਰ ਦੇ ਨਾਲ ਮਿਲ ਕੇ ਕਈ ਸੁਧਾਰਾਂ ਨੂੰ ਅੱਗੇ ਵਧਾਇਆ, ਜਿਨ੍ਹਾਂ ਵਿੱਚ ਬਹੁ ਵਿਆਹ 'ਤੇ ਪਾਬੰਦੀ ਲਗਾਉਣ ਵਾਲਾ ਕਾਨੂੰਨ ਵੀ ਸ਼ਾਮਲ ਹੈ। ਈਸਟ ਇੰਡੀਆ ਕੰਪਨੀ ਨੂੰ ਬਹੁ ਵਿਆਹ ਦੇ ਵਿਰੁੱਧ ਇੱਕ ਡ੍ਰਾਫਟ ਬਿਲ ਸੌਂਪਿਆ। 19 ਫਰਵਰੀ 1961 ਨੂੰ ਉਨ੍ਹਾਂ ਦਾ ਦੇਹਾਂਤ ਹੋ ਗਿਆ। ਰਾਣੀ ਰਸ਼ਮਨੀ ਦੀ ਜਯੰਤੀ 'ਤੇ ਉਨ੍ਹਾਂ ਨੂੰ ਸ਼ਰਧਾਂਜਲੀ ਭੇਟ ਕਰਦੇ ਹੋਏ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਕਿਹਾ ਸੀ, "ਰਾਣੀ ਰਸ਼ਮਨੀ ਦਲੇਰੀ, ਦਿਆਲਤਾ ਅਤੇ ਦ੍ਰਿੜ੍ਹ ਵਿਸ਼ਵਾਸ ਦੀ ਮਹਾਨ ਪ੍ਰਤੀਮੂਰਤੀ ਸਨ। ਉਨ੍ਹਾਂ ਨੂੰ ਦੂਰਦਰਸ਼ੀ ਨੇਤਾ ਅਤੇ ਪਰਉਪਕਾਰੀ ਮਹਿਲਾ ਦੇ ਰੂਪ ਵਿੱਚ ਯਾਦ ਕੀਤਾ ਜਾਂਦਾ ਹੈ। ਉਨ੍ਹਾਂ ਨੇ ਸਥਾਈ ਸੰਸਥਾਵਾਂ ਦਾ ਨਿਰਮਾਣ ਕੀਤਾ। ਅਧਿਆਤਮਿਕਤਾ ਦੇ ਨਾਲ-ਨਾਲ ਗ਼ਰੀਬਾਂ ਦੇ ਉਥਾਨ ਲਈ ਉਨ੍ਹਾਂ ਦੀ ਅਟੁੱਟ ਵਚਨਬੱਧਤਾ ਸੀ।"



**PMO India**
@PMOIndia

खेल हमें केवल champion बनना नहीं सिखाता... बल्कि खेल हमें एक बेहतर competitor बनना भी सिखाता है।

उठना, गिरना... गिरकर फिर से उठना... Sports, ये ज़ज्बा हमारे भीतर लाता है: PM @narendramodi



**Rajnath Singh**
@rajnathsingh

ITI को केवल ट्रेनिंग सेंटर नहीं, India के Industrial Transformation की फाउंडेशन बनाना है। PM-SETU के तहत इंडस्ट्री की जरूरतों के अनुरूप Curriculum, Equipment और Apprenticeship को मजबूत कर युवाओं को रोजगार-रेडी बनाना होगा। आत्मनिर्भर डिफेन्स इंडस्ट्री के लिए आत्मनिर्भर Talent Pipeline जरूरी है।



**Amit Shah**
@AmitShah

नेपाल में आई बाढ़ की विभीषिका अत्यंत दु:खद है। जिन परिवारों ने इस आपदा में अपने प्रियजनों को खोया है, मेरी संवेदनाएँ उनके साथ हैं। संकट की इस घड़ी में भारत सरकार नेपाल के साथ खड़ी है।

नेपाल में आई इस आपदा के संबंध में बिहार व उत्तर प्रदेश के मुख्यमंत्रियों से बात की। इसका प्रभाव जिन सीमावर्ती क्षेत्रों पर पड़ सकता है, वहाँ के स्थानीय प्रशासन और राहत-बचाव की टीमों के साथ NDRF को भी हाई अलर्ट पर रखा गया है।



**Nitin Gadkari**
@nitin_gadkari

From taking banking to every doorstep to empowering millions with access to formal finance, Pradhan Mantri Jan Dhan Yojana has transformed India's financial inclusion landscape. In 12 years, 59 crore accounts, with 56% held by women, have become gateways to savings, insurance, credit and Direct Benefit Transfers. This remarkable transformation reflects the visionary leadership of Hon'ble PM Shri @narendramodi Ji and his unwavering commitment to inclusive growth and a Viksit Bharat.



**Manohar Lal**
@mlkhattar ·

UPI has transformed how India transacts, bringing speed, simplicity, and inclusion to everyday payments.

From street vendors to small businesses, it has expanded access to the formal economy, strengthened transparency, and positioned India as a global leader in digital payments.



**Kiren Rijiju** @KirenRijiju

कभी लगती थी लंबी कतार... अब बस एक QR!
#UPI और डिजिटल पेमेंट ने भुगतान को बनाया आसान, तेज़ और सुविधाजनक।
शॉपिंग से रोज़मर्रा के भुगतानों तक, डिजिटल इंडिया ने बदली Ease of Life की कहानी!

#DigitalIndia #10YearsOfUPI
#EaseOfLiving #NewIndia

**एससीओ घोषणापत्र :** भारत-रूस-चीन ने कहा, नागरिकों की मौत, अर्थव्यवस्था की तबाही गलत

# आतंकवाद पर दोहरा मानदंड नहीं चलेगा ईरान पर अमेरिकी हमले की भी कड़ी निंदा

अमर उजाला ब्यूरो\एजेंसी

**नई दिल्ली\बिश्केक।** शंघाई सहयोग संगठन (एससीओ) के सदस्य देशों ने साझा घोषणापत्र में ईरान पर अमेरिकी हमलों की कड़ी निंदा की और आतंकवाद के खिलाफ लड़ाई में दोहरे मानदंड को अस्वीकार्य बताया। प्रधानमंत्री नरेंद्र मोदी, चीनी राष्ट्रपति शी जिनपिंग, रूसी राष्ट्रपति व्लादिमीर पुतिन और एससीओ के अन्य नेताओं के हस्ताक्षर वाले घोषणापत्र में कहा गया है, अमेरिकी हमलों के कारण कई लोगों की मौत हुई और ईरान की अर्थव्यवस्था को भारी नुकसान पहुंचा। ये यूएन चार्टर का उल्लंघन है।

घोषणापत्र में भारत की चिंता को महत्व देते हुए आतंकवाद के खिलाफ लड़ाई में दोहरे मापदंड को अस्वीकार्य बताया और कहा, संयुक्त राष्ट्र आतंकवाद से लड़ाई में मुख्य भूमिका निभाए, जिसमें आतंकियों की सीमा-पार आवाजाही भी शामिल है। एससीओ में रूस, चीन, भारत, पाकिस्तान, ईरान, बेलारूस, उज्बेकिस्तान, कजाकिस्तान, ताजिकिस्तान और किर्गिज गणराज्य शामिल हैं।




चीनी राष्ट्रपति जिनपिंग, रूसी राष्ट्रपति पुतिन के साथ पीएम मोदी।

## मोदी, जिनपिंग और पुतिन में दिखी गर्मजोशी

एससीओ शिखर सम्मेलन के दौरान पीएम मोदी, शी जिनपिंग और व्लादिमीर पुतिन की एक-दूसरे का हाथ थामे मुस्कुराते हुए तस्वीर चर्चा में रही।

■ एक ओर जहां अमेरिकी राष्ट्रपति डोनाल्ड ट्रंप के अस्थिर रवैये व टैरिफ धमकियों के कारण कई देश परेशान हैं, वहीं यह तस्वीर वैश्विक कूटनीति में हमारी ताकत दर्शाती है।

>> 4 समझौते और 13 नतीजे : पेज 13

## आतंकवाद का पोषण-तंत्र नष्ट करें : मोदी

इससे पहले पीएम मोदी ने एससीओ शिखर सम्मेलन में कहा, इस संगठन को आतंकवाद के पूरे पोषण-तंत्र और उसकी फंडिंग को खत्म करने के लिए एकजुट होकर काम करना चाहिए। आतंकवाद के वित्त पोषण, आतंकियों की भर्ती, कट्टर सोच व सुरक्षित पनाहगाहों के पूरे तंत्र को ध्वस्त करना होगा। हमें एक स्वर में बोलना होगा कि इस विषय पर दोहरे मापदंड के लिए कोई स्थान नहीं है। मोदी ने दोहराया, युद्धों व संघर्षों का समाधान वार्ता व कूटनीति के जरिये किया जाना चाहिए।

■ **आतंकवाद किसी के लिए रणनीतिक ताकत नहीं बन सकता :** बिना पाकिस्तान का नाम लिए मोदी ने कहा, जो देश आतंकवाद को अपनी नीति बनाते हैं, उन्हें कड़ा संदेश देना होगा कि आतंकवाद किसी के लिए भी रणनीतिक ताकत नहीं हो सकता।

**पीएम मोदी ने एससीओ को लेकर भारत की सोच तीन स्तंभों से समझाई। ये तीन स्तंभ हैं सुरक्षा, संपर्क और अवसर।**

01 सुरक्षा : संगठित अपराध और नशे की चुनौतियों से निपटने के लिए स्थापित किए जा रहे केंद्र सहयोग के सकारात्मक कदम हैं।

02 संपर्क : एससीओ के बाजारों को जोड़ने के सभी प्रयासों का भारत समर्थन करता है। पर इन प्रयासों के दौरान भौगोलिक अखंडता का सम्मान जरूरी है।

03 अवसर : संगठन के आपसी सहयोग का लाभ नागरिकों तक पहुंचना जरूरी है। सफलता की कसौटी यह होनी चाहिए कि हमारे प्रयासों से युवाओं, उद्यमियों, किसानों को कितने नए अवसर मिले और सदस्य देशों के नागरिकों का जीवन कितना बेहतर हुआ।

**शहबाज के भाषण में फिर सिंधु :** एससीओ बैठक में पाकिस्तानी पीएम शहबाज शरीफ ने भारत का नाम लिए बिना सिंधु जल संधि का मुद्दा उठाया और कहा, पानी को हथियार की तरह इस्तेमाल नहीं किया जाना चाहिए।

# समझौता : लंबे समय तक भारत को यूरेनियम देगा उज्बेकिस्तान

## 2030 तक सालाना द्विपक्षीय कारोबार पांच अरब डॉलर पहुंचाने का लक्ष्य

**ताशकंद।** उज्बेकिस्तान लंबे समय तक भारत को यूरेनियम की आपूर्ति करेगा। प्रधानमंत्री नरेंद्र मोदी की उज्बेकिस्तान यात्रा के दौरान दोनों देश असैन्य परमाणु ऊर्जा क्षेत्र में सहयोग के तहत यूरेनियम आपूर्ति की रूपरेखा बनाने पर सहमत हुए हैं। खुद पीएम मोदी ने उज्बेकिस्तान के राष्ट्रपति शौकत मिर्जियोयेव के साथ बातचीत के बाद इसकी जानकारी दी। हालांकि इस बारे में विस्तार से कुछ नहीं बताया गया है।

पीएम ने कहा, दोनों देशों ने द्विपक्षीय संबंधों को व्यापक रणनीतिक साझेदारी में बदलने का फैसला लिया। साथ ही सहयोग के सभी पहलुओं को दिशा देने के लिए विदेश मंत्रियों के स्तर पर एक समन्वय परिषद बनाया जाएगा। इससे पूर्व मोदी व मिर्जियोयेव के बीच व्यापार, निवेश, बुनियादी ढांचा, जरूरी खनिज, खनन, रक्षा व सुरक्षा, खेती, दवाओं, स्वास्थ्य, सूचना तकनीक, डिजिटल पब्लिक इंफ्रास्ट्रक्चर (यूपीआई समेत) व शिक्षा के क्षेत्रों में सहयोग बढ़ाने पर बातचीत हुई। वार्ता के बाद संयुक्त प्रेस कॉन्फ्रेंस में पीएम मोदी ने कहा, दोनों पक्षों ने 2030 तक वार्षिक द्विपक्षीय व्यापार का लक्ष्य 5 अरब डॉलर तय किया है, जो अभी 1 अरब डॉलर से ज्यादा है। पीएम मोदी एससीओ बैठक के लिए देर रात किर्गिस्तान पहुंच गए हैं। एजेंसी >> रक्षा उद्योग में मिलकर करेंगे काम : पेज 11



ताशकंद में पीएम नरेंद्र मोदी को उज्बेकिस्तान का सर्वोच्च राजकीय सम्मान प्रदान करते राष्ट्रपति शौकत मिर्जियोयेव। एजेंसी

## 11 समझौते और एमओयू

दोनों देशों में 11 समझौतों व एमओयू पर हस्ताक्षर हुए। इनमें सांस्कृतिक आदान-प्रदान, आर्थिक संबंधों के लिए सहयोग, उज्बेकिस्तान के फयाज तेपा और कारा तेपा जैसे बौद्ध स्थलों का भारत की ओर से जीर्णोद्धार व संरक्षण, पर्यावरण संरक्षण समझौता शामिल है। माइनिंग, शिक्षा, पर्यटन और आयुर्वेद क्षेत्रों में भी समझौते हुए।

■ **30 दिन की वीजा मुक्त अवधि :** भारतीय नागरिक बिना पूर्व वीजा प्राप्त किए उज्बेकिस्तान में अधिकतम 30 दिन बिता पाएंगे।

■ राष्ट्रपति शौकत ने कहा, इससे दोनों देशों के लोगों के आपसी संपर्क, पर्यटन और व्यापार को मजबूत करने में अहम योगदान मिलेगा।

**उज्बेकिस्तान में चलेगा अपना यूपीआई...**समझौते के तहत भारतीय यूपीआई एप्स उज्बेकिस्तान के राष्ट्रीय क्यूआर स्कैन कर सकेंगे। इससे यूपीआई से उज्बेकिस्तान में भुगतान किया जा सकेगा।

## पीएम मोदी को देश का सर्वोच्च सम्मान

पीएम मोदी को उज्बेकिस्तान ने अपने देश की ओर से विदेशी नेताओं को दिए जाने वाले सबसे बड़े सम्मान 'ओली दराजली दोस्तलिक ऑर्डर' से सम्मानित किया। पीएम मोदी को दूसरे देशों में मिलने वाले सम्मान की शृंखला में यह 36वां है।

■ प्रधानमंत्री ने इसे देश की 140 करोड़ जनता को समर्पित किया। पीएम ने कहा, ओली दराजली दोस्तलिक ऑर्डर पाकर सम्मानित महसूस कर रहा हूं।

## यूरेनियम को लेकर भारत के विकल्प बढ़े

उज्बेकिस्तान भारत को यूरेनियम देता रहा है। मोदी की यात्रा के बाद अब इस दुर्लभ खनिज की लंबे समय तक निर्बाध आपूर्ति पर बात आगे बढ़ी है।

■ भारत को हर साल परमाणु बिजली घरों के लिए 1,500 से 2,000 टन यूरेनियम की जरूरत होती है, जबकि घरेलू उत्पादन 600 टन ही है। बाकी कजाकिस्तान, कनाडा, रूस और उज्बेकिस्तान से आयात होता है।

■ जुलाई में भारत ने ऑस्ट्रेलिया से यूरेनियम आपूर्ति समझौता किया है। हालांकि भारत किसी एक देश पर निर्भर नहीं रहना चाहता।

# मोदी और पुतिन में दिखी गर्मजोशी, एक कार में पहुंचे नोमाड स्पोर्ट्स उद्घाटन स्थल



- पिछले वर्ष चीन में भी कार में 40-45 मिनट की बातचीत
- दिसंबर, 2025 में दिल्ली में भी एक कार में दिखा था नजारा

## मोदी-पुतिन में सामरिक साझेदारी पर हुई बात



# प्रधानमंत्री जन धन योजना का परिणाम परिवर्तनकारी : मोदी

**नई दिल्ली, एजेंसी।** प्रधानमंत्री नरेंद्र मोदी ने कहा है कि प्रधानमंत्री जन धन योजना (पीएमजेडीवाई) का प्रभाव अभूतपूर्व रहा है और इसके परिणाम परिवर्तनकारी साबित हुए हैं।

प्रधानमंत्री मोदी ने एक्स पर सरकार के नागरिक सहभागिता मंच 'माई जीओवी इंडिया' की पोस्ट को साझा करते हुए लिखा कि अभूतपूर्व पैमाना और परिवर्तनकारी परिणाम! जन धन योजना का प्रभाव बेजोड़ रहा है। माई जीओवी इंडिया ने पोस्ट में कहा कि एक समय ऐसा था जब औपचारिक बैंकिंग सेवाओं तक पहुंच इस बात पर निर्भर करती थी कि कोई व्यक्ति कहां रहता है, आर्थिक स्थिति क्या है या वह बैंक से कितनी दूर है। आज अलग तस्वीर है। करोड़ों जन धन खाते, ग्रामीण क्षेत्रों में व्यापक बैंकिंग पहुंच, महिलाओं की बढ़ती भागीदारी और अंतिम व्यक्ति तक बैंकिंग सेवाओं की पहुंच ने इसमें बड़ा बदलाव किया है।

ਵਿਸ਼ਵ ਬਾਂਸ ਦਿਵਸ – 18 ਸਤੰਬਰ 2026

# ਬਾਂਸ ਦੇ ਜ਼ਰੀਏ ਮਜ਼ਬੂਤ ਹੋ ਰਹੀ ਭਾਰਤ ਦੀ ਹਰਿਤ ਅਰਥਵਿਵਸਥਾ

ਜਿਸ ਵਸਤੂ ਨੂੰ ਕਦੇ ਬੋਝ ਦੇ ਰੂਪ ਵਿੱਚ ਦੇਖਿਆ ਜਾਂਦਾ ਸੀ, ਉਹ ਅੱਜ ਰੁਜ਼ਗਾਰ, ਕਾਰੋਬਾਰ ਅਤੇ ਨਵੀਨਤਾ ਨੂੰ ਨਵੀਂ ਰਫ਼ਤਾਰ ਦੇ ਰਹੀ ਹੈ। ਉਹ ਵਸਤੂ ਕੁਝ ਹੋਰ ਨਹੀਂ ਸਗੋਂ ਬਾਂਸ ਸੈਕਟਰ ਹੈ ਜਿਸ ਵਿੱਚ ਭਾਰਤ ਸਫਲਤਾ ਦਾ ਨਵਾਂ ਆਯਾਮ ਘੜ੍ਹ ਰਿਹਾ ਹੈ। ਅੰਗਰੇਜ਼ਾਂ ਦੇ ਬਣਾਏ ਕਾਨੂੰਨ ਦੇ ਹਿਸਾਬ ਨਾਲ ਬਾਂਸ ਨੂੰ ਰੁੱਖ ਦੇ ਰੂਪ ਵਿੱਚ ਪਰਿਭਾਸ਼ਿਤ ਕੀਤਾ ਗਿਆ ਸੀ ਅਤੇ ਇਸ ਨਾਲ ਜੁੜੇ ਨਿਯਮ ਬਹੁਤ ਸਖ਼ਤ ਸੀ। ਅਜਿਹੇ ਵਿੱਚ ਲੋਕ ਬਾਂਸ ਨਾਲ ਜੁੜੇ ਕੰਮ –ਧੰਦਿਆਂ ਤੋਂ ਦੂਰ ਹੁੰਦੇ ਗਏ ਪਰ ਕੇਂਦਰ ਸਰਕਾਰ ਨੇ ਜਦੋਂ ਬਾਂਸ ਦੀ ਪਰਿਭਾਸ਼ਾ ਬਦਲੀ, ਤਾਂ ਦੇਸ਼ ਵਿੱਚ ਹੋਈ ਵੱਡੀ ਤਬਦੀਲੀ...

- ਪੁਨਰ-ਗਠਿਤ ਰਾਸ਼ਟਰੀ ਬਾਂਸ ਮਿਸ਼ਨ 24 ਰਾਜਾਂ/ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਵਿੱਚ ਬਾਂਸ ਦੀ ਖੇਤੀ, ਪ੍ਰੋਸੈੱਸਿੰਗ ਅਤੇ ਮਾਰਕੀਟਿੰਗ ਨੂੰ ਹੁਲਾਰਾ ਦਿੰਦਾ ਹੈ।
- ਇਹ ਮਿਸ਼ਨ ਵਿੱਤੀ ਸਹਾਇਤਾ, ਐੱਫਪੀਓ ਦੇ ਗਠਨ ਅਤੇ ਕੌਸ਼ਲ ਵਿਕਾਸ ਦੇ ਜ਼ਰੀਏ ਕਿਸਾਨਾਂ ਅਤੇ ਐੱਮਐੱਸਐੱਮਈਜ਼ ਨੂੰ ਸਹਾਇਤਾ ਪ੍ਰਦਾਨ ਕਰਦਾ ਹੈ।
- ਭਾਰਤ ਵਿੱਚ ਬਾਂਸ ਦਾ ਖੇਤਰਫਲ 13.96 ਮਿਲੀਅਨ ਹੈਕਟੇਅਰ ਹੈ। 136 ਪ੍ਰਜਾਤੀਆਂ (125 ਦੇਸੀ ਅਤੇ 11 ਵਿਦੇਸ਼ੀ) ਦੇ ਨਾਲ ਬਾਂਸ ਵਿਭਿੰਨਤਾ ਦੇ ਮਾਮਲੇ ਵਿੱਚ ਚੀਨ ਤੋਂ ਬਾਅਦ ਦੂਜਾ ਸਭ ਤੋਂ ਸਮ੍ਰਿੱਧ ਦੇਸ਼ ਹੈ।

“ ਵਰ੍ਹੇ 2017 ਵਿੱਚ ਕਾਨੂੰਨ ਵਿੱਚ ਤਬਦੀਲੀ ਕਰਕੇ ਅਸੀਂ ਬਾਂਸ ਨੂੰ ਰੁੱਖ ਦੀ ਸ਼੍ਰੇਣੀ ਤੋਂ ਬਾਹਰ ਕੀਤਾ। ਜਿਸ ਦੇ ਨਤੀਜੇ ਸਾਰਿਆਂ ਦੇ ਸਾਹਮਣੇ ਹਨ। ਅੱਜ ਪੂਰੇ ਉੱਤਰ-ਪੂਰਬ ਵਿੱਚ ਬਾਂਸ ਸੈਕਟਰ ਪ੍ਰਫੁੱਲਿਤ ਹੋ ਰਿਹਾ ਹੈ। ਲੋਕ ਲਗਾਤਾਰ ਇਨੋਵੇਸ਼ਨ ਕਰਕੇ ਇਸ ਵਿੱਚ ਵੈਲਿਊ ਐਡੀਸ਼ਨ ਕਰ ਰਹੇ ਹਨ।

– ਨਰੇਂਦਰ ਮੋਦੀ, ਪ੍ਰਧਾਨ ਮੰਤਰੀ





ਨਿਊ ਇੰਡੀਆ ਸਮਾਚਾਰ ਪੰਦਰਵਾੜਾ

RNI Registered No. DELPUN/2020/72808, 16- 30 September, 2026
RNI DELPUN/2020/78808, (Publishing Date: 07 September, 2026, Total Pages-44)

EDITOR IN CHIEF:
Dhirendra Ojha
Principal Director General
Press Information Bureau, New Delhi

PUBLISHED:
Kanchan Prasad
Director General, on behalf of
Central Bureau Of Communication

PUBLISHED FROM:
Room No–278, Central Bureau Of
Communication, 2nd Floor, Soochna
Bhawan, New Delhi -110003